ਆਜ਼ਾਦੀ ਤੋਂ ਪਹਿਲਾਂ ਜਦੋਂ ਕਿਤੇ ਰਾਜ ਕਰਨ ਦੀ ਗਲ ਛਿੜਦੀ ਸੀ ਤਾਂ ਅੰਗ੍ਰੇਜ਼ ਲੋਕ ਸਹਿਜ ਸੁਭਾ ਇਹ ਗਲ ਕਹਿ ਦਿਆ ਕਰਦੇ ਸਨ ਕਿ ਭਾਰਤੀ ਲੋਕਾਂ ਨੂੰ ਰਾਜ ਕਰਨਾ ਹੀ ਨਹੀਂ ਆਉਂਦਾ। ਗਲ ਬਹੁਤ ਬੁਰੀ ਲਗਦੀ ਭੀ ਸੀ ਕਿਉਂਕਿ ਇਹ ਗਲ ਸਾਡੇ ਸਵੈਭਮਾਨ ਨੂੰ ਟੁੰਮਦੀ ਸੀ ਪਰ ਠੀਕ ਹੀ ਜਾਪਦੀ ਹੈ ਤਜਰਬਾ ਤੁਹਾਡੇ ਸਾਹਮਣੇ ਹੈ। ਜੇ ਸਨ ਸੰਤਾਲੀ ਵਿਚ ਦੇਸ਼ ਦਾ ਬਟਵਾਰਾ ਨਾ ਹੁੰਦਾ ਅਤੇ ਸਾਡੇ ਨੇਤਾ ਖੁਦਗਰਜ਼ ਨਾ ਹੁੰਦੇ ਤਾਂ ਅਜ ਦੇਸ਼ ਵਾਕਈ ਮਹਾਨ ਹੁੰਦਾ ਪਰ ਐਸਾ ਹੋ ਨਹੀਂ ਸਕਿਆ। ਲੋਕਾਂ ਨੇ ਆਪਣੇ ਵਲੋਂ ਦੇਸ਼ ਲਈ ਬੇਹਿਸਾਬ ਕੁਰਬਾਨੀਆਂ ਦਿਤੀਆਂ ਪਰ ਹਾਸਲ ਕੀ ਹੋਇਆ? ਹਾਲੇ ਭੀ ਦੇਸ਼ ਵਿਚ ਪੀਣ ਵਾਲੇ ਪਾਣੀ ਦੀ ਸਮਸਿਆ ਹੈ ਪਿੰਡਾਂ ਦੇ ਲੋਕਾਂ ਨੂੰ ਪੰਜ ਪੰਜ ਮੀਲ ਤੁਰ ਕੇ ਪਾਣੀ ਲਿਆਉਣਾ ਪੈਂਦਾ ਹੈ। ਬਹੁਤ ਜਗਹ ਹਨ ਜਿਥੇ ਹਾਲੇ ਬਿਜਲੀ ਪਹੁੰਚੀ ਨਹੀਂ ਜਾਂ ਲੋੜ ਅਨੁਸਾਰ ਮਿਲਦੀ ਨਹੀਂ। ਟੁਟੀਆਂ ਫੁਟੀਆਂ ਸੜਕਾਂ ਦੀ ਤਾਂ ਸਾਰੇ ਦੇਸ਼ ਵਿਚ ਸਮਸਿਆ ਹੈ। ਗਰੀਬੀ ਅਤੇ ਅਨਪੜ੍ਹਤਾ ਵਿਚ ਪੰਜ ਪ੍ਰਤੀਸ਼ਤ ਸੁਧਾਰ ਭੀ ਨਹੀਂ ਹੋ ਸਕਿਆ। ਹਸਪਤਾਲ ਅਤੇ ਵਿਦਿਆਲੇ ਅਡਾਰੇ ਬਣ ਚੁਕੇ ਹਨ ਅਤੇ ਆਮ ਲੋਕਾਂ ਲੂਣ ਹੋਵੇ ਜਾਂ ਮਿਰਚ ਮਸਾਲਾ ਹੋਵੇ ਜਾਂ ਹਲਦੀ ਪਟਰੋਲ ਹੋਵੇ ਜਾਂ ਤੇਲ ਖਾਦ ਹੋਵੇ ਜਾਂ ਸੀਸੇਂਟ ਬੀਜ ਹੋਣ ਜਾਂ ਕੀੜੇ ਮਾਰ ਦਵਾਈਆਂ ਕਿਹੜੀ ਚੀਜ ਗਿਣੀ ਜਾਵੇ ਜਿਸ ਵਿਚ ਮਿਲਾਵਟ ਨਾ ਹੋਵੇ, ਇਓਂ ਜਾਪਦਾ ਹੈ ਕਿ ਕੋਈ ਭੀ ਸ਼ੈ ਮਿਲਾਵਟ ਤੋਂ ਬਚੀ ਹੋਈ ਨਹੀਂ ਹੈ। ਹਰ ਸਾਲ ਕਿੰਨੇ ਹੀ ਲੋਕ ਤੇਲ ਖਾ ਕੇ ਮਰਦੇ ਹਨ ਸ਼ਰਾਬ ਪੀ ਕੇ ਮਰਦੇ ਹਨ, ਨਸ਼ੇ ਕਰਕੇ ਮਰਦੇ ਹਨ। ਲਖਾਂ ਹੀ ਲੋਕ ਹਰ ਸਾਲ ਤੰਬਾਕੂ ਨੋਸ਼ੀ ਕਰਕੇ ਜਾਂ ਤੰਬਾਕੂ ਨਾਲ ਹੋਣ ਵਾਲੀਆਂ ਬੀਮਾਰੀਆਂ ਨਾਲ ਮਰਦੇ ਹਨ ਪਰ ਹੈ ਕਿਸੇ ਨੂੰ ਚਿੰਤਾ? ਹਰ ਅਸਲੀ ਵਸਤੂ ਦੇ ਬਰਾਬਰ ਦੇ ਨੰਬਰ ਦਾ ਨਕਲੀ ਵਸਤੂ ਬੇ ਰੋਕ ਟੋਕ ਬਿਕ ਰਹੀ ਦਾ ਕੋਈ ਹੱਦ ਬਨਾ ਨਹੀਂ। ਲੋਕਾਂ ਦੀ ਸੂਝ ਬੂਝ ਨਾ ਮਾਲੂਮ ਕਿਧਰ ਗੁੰਮ ਹੋ ਗਈ। ਇਹ ਜਾਣਦੇ ਹੋਏ ਭੀ ਕਿ ਕੌਣ ਦੇਸ਼ ਨੂੰ ਦੋਹੀਂ ਹੱਥੀਂ ਲੁਟ ਰਿਹਾ ਹੈ। ਕੌਣ ਮਨ ਮਾਨੀ ਕਰ ਰਿਹਾ ਹੈ, ਕੌਣ ਲੋਕਾਂ ਤੇ ਜੁਲਮ ਢਾਹ ਰਿਹਾ ਹੈ ਪਰ ਫੇਰ ਭੀ ਪਿਛੇ ਹਟਦੇ ਹੀ ਨਹੀਂ। ਭਰਿਸ਼ਟ ਨੇਤਾ ਨੂੰ ਸਿਰ ਤੇ ਚੁਕੀ ਫਿਰਦੇ ਹਨ। ਇਨਾਂ ਤੋਂ ਬਗੈਰ ਲੋਕਾਂ ਦਾ ਗੁਜ਼ਾਰਾ ਹੀ ਨਹੀਂ ਹੁੰਦਾ। ਤਾਮਲਨਾਡੂ ਅਤੇ ਬਿਹਾਰ ਵਲ ਦੇਖਦੇ ਹਾਂ ਤਾਂ ਜਾਪਦਾ ਹੈ ਕਿ ਜਾਂ ਤਾਂ ਚੰਗੇ ਨੇਤਾ ਲੋਕਾਂ ਦੀ ਘਾਟ ਹੈ ਜਾ ਉਹਭੀ ਇਨਾਂ ਤੋਂ ਚੰਗੇ ਨਹੀਂ ਹਨ। ਜੇ ਕਾਂਗਰਸ ਪਾਰਟੀ ਦੀ ਇਨਾਂ ਪ੍ਰਾਂਤਾਂ ਦੇ ਨੇਤਾ ਲੋਕਾਂ ਨਾਲ ਸਾਂਝ ਗਾਂਠ ਵਲ ਤਕਦੇ ਹਾਂ ਤਾਂ "ਕੁਨਿਦ ਹਮ ਜਿਨਮ ਬ ਹਮ ਜਿਨਮ ਪ੍ਰਵਾਜ" ਵਾਲਾ ਮਿਸਰਾ ਯਾਦ ਆ ਜਾਂਦਾ ਹੈ। ਮੁਕਦੀ ਗਲ ਇਹ ਸਭ ਇਕ ਹੀ ਥੈਲੀ ਦੇ ਚਟੇ ਬਟੇ ਹਨ। ਇਸਲਈ ਗੰਗਾ ਰਾਮ ਦੀ ਸਮਝ ਵਿਚ ਕੁਛ ਨਹੀਂ ਆ ਰਿਹਾ ਕਿ ਇਹ ਸਭ ਕੀ ਹੈ?

ਜੇ ਬਹੁਤ ਵਿਸਥਾਰ ਵਿਚ ਨਾ ਭੀ ਜਾਈਏ ਅਤੇ ਕੇਵਲ ਇਕ ਮਸਲੇ ਦੀ ਗਲ ਹੀ ਕਰੀਏ ਤਾਂ ਭੀ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਪਰ ਮੁਸ਼ਕਿਲ ਇਹ ਹੈ ਕਿ ਅਸੀਂ ਸਿਖਣਾ ਹੀ ਨਹੀਂ ਚਾਹੁੰਦੇ। ਮਸਲਾ ਹੈ ਕਸ਼ਮੀਰ ਦਾ। ਅਜ ਕਲ ਇਸ ਬਾਰੇ ਬਹੁਤ ਕੁਝ ਕਿਹਾ ਅਤੇ ਸੁਣਿਆ ਜਾ ਰਿਹਾ ਹੈ। ਪਰ ਸਾਡੀ ਹਾਲਤ ਇਹ ਹੈ ਕਿ "ਚੌਧਰੀ ਜੀ ਤੁਹਾਡਾ ਹੁਕਮ ਸਿਰ ਮਥੇ ਪਰ ਪ੍ਰਨਾਲਾ ਉਥੇ ਹੀ ਰਹੇ ਗਾ" ਭਾਰਤ ਅਤੇ ਪਾਕਿਸਤਾਨ ਦੇ ਨੇਤਾਵਾਂ ਦੀ ਜੇ ਮਸਲਾ ਹਲ ਕਰਨਾ ਹੋਵੇ ਤਾਂ ਇਹ ਕੋਈ ਵਡਾ ਮੁਸ਼ਕਿਲ ਕੰਮ ਨਹੀਂ। ਅਸਲ ਗਲ ਇਹ ਹੈ ਕਿ ਇਹ ਨੇਤਾ ਲੋਕ ਮਸਲਾ ਹਲ ਕਰਨਾ ਹੀ ਨਹੀਂ ਚਾਹੁੰਦੇ। ਮਸਲਾ ਹਲ ਹੋ ਗਿਆ ਤਾਂ ਇਨਾਂ ਪਾਸ ਲੋਕਾਂ ਨੂੰ ਗੁਮਰਾਹ ਕਰਨ ਦਾ ਵਸੀਲਾ ਹੀ ਖਤਮ ਹੋ ਜਾਵੇਗਾ। ਮਸਲਾ ਹਲ ਨਾ ਕਰਨ ਨਾਲ ਇਨਾਂ ਨੂੰ ਫਰਕ ਭੀ ਕੋਈ ਨਹੀਂ ਪੈਂਦਾ। ਜਿਨਾਂ ਨੂੰ ਫਰਕ ਪੈਂਦਾ ਹੈ ਉਨਾਂ ਤੋਂ ਇਨਾਂ ਨੇ ਪੁਛਣਾ ਹੀ ਨਹੀਂ ਨਾ ਉਨਾਂ ਨੂੰ ਕਰਨ ਦੇਣਾ ਹੈ।

ਦੁਨੀਆਂ ਦਾ ਹਰ ਡੈਮੋਕਰੈਟਿਕ (ਲੋਕ ਰਾਜ ਵਾਲਾ) ਦੇਸ਼ ਹਰ ਮੁਸ਼ਕਿਲ ਮਸਲਾ ਲੋਕਾਂ ਦੀ ਸਲਾਹ ਅਤੇ ਮਰਜ਼ੀ ਅਨੁਸਾਰ ਹਲ ਕਰਦਾ ਹੈ। ਪਰ ਸਾਡੇ ਦੇਸ਼ਾਂ ਦਾ ਤਾਂ

Cont'd on Page 38

SMART CELL

OCTOBER BLOWOUT

NEW FIDO STORE

FREE PHONE FREE PHONE

$30.00 A MONTH

ਖੁਲ ਗਈ
ਨਵੀਂ ਫਾਈਡੋ ਸਟੋਰ

EXPIRES OCTOBER 31TH

- Free Evenings & Weekends
- 100 Weekday Minutes
- Caller ID
- Personal Voice Messaging
- Call Waiting
- Call Forwarding
- Conference Calling

FREE PHONE

- ਫਰੀ ਈਵਨਿੰਗ, ਫਰੀ ਵੀਕ ਇੰਡ
- 100 ਮਿੰਟ ਦਿਨ ਵੇਲੇ
- ਪਰਸਨਲ ਵਾਇਸ ਮੈਸੇਜਿੰਗ
- ਕਾਲਰ ਆਈ ਡੀ
- ਫੋਰ ਸੈਕਿੰਡ ਬਿਲਿੰਗ
- ਫਰੀ ਫੋਨ
- ਨੋ ਕੰਟਰੈਕਟ



ਵਧੀਆ ਡਿਜ਼ਟਿਲ ਸਰਵਿਸ ਲਈ ਫੋਨ ਕਰੋ:

604-825-0530 (Rob)
604-807-6649 (Paul)

#4 - 32330 S. Fraser Way, Abbotsford, B.C. V2T 1X1 853-8999

COMMUNITY FUTURES DEVELOPMENT CORP. OF NORTH FRASER

STARTING A BUSINESS! EXPANDING YOUR BUSINESS? NEED MONEY, ADVICE? HAVE QUESTIONS?

CHANCES ARE WE CAN HELP!!!

COMMUNITY FUTURES DEVELOPMENT CORPORATION OF NORTH FRASER OFFERS:

√ • Business Development: Developing and expanding capital through repayable loans, and providing technical counselling advice to small businesses in the District of Mission, Agassiz and Harrison Hot Springs.

√ • Self Employment Program: Anyone living in the Fraser Valley who has had a regular Employment Insurance claim in the last 3 years, or a maternity/parental claim in the last 5 years, can apply. The SE program is designed to assist potential entrepreneurs.

√ • Community Development: Bringing people of various groups and interests together for serious discussion of community issues and opportunities through assistance in facilitating the flow of decision, activities, goals and objectives.

ਕਾਰੋਬਾਰ ਜਾਂ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ?
ਆਪਣੇ ਕਾਰੋਬਾਰ ਜਾਂ ਬਿਜ਼ਨਸ ਦਾ ਵਿਸਥਾਰ ਕਰਨਾ ਚਾਹੁੰਦੇ ਹੋ?
ਪੈਸੇ ਜਾਂ ਸਲਾਹ ਦੀ ਲੋੜ ਹੈ? ਕੁਝ ਪੁੱਛਣਾ ਚਾਹੁੰਦੇ ਹੋ?

ਸ਼ਾਇਦ ਅਸੀਂ ਤੁਹਾਡੀ ਮੱਦਦ ਕਰ ਸਕੀਏ!!

ਕਮਿਊਨਿਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਵਲੋਂ ਪੇਸ਼ਕਸ਼:

☐ ***ਕਾਰੋਬਾਰ ਜਾਂ ਬਿਜ਼ਨਸ ਦੇ ਵਾਧੇ ਲਈ:*** ਮੋੜਨ ਵਾਲੇ ਕਰਜ਼ਿਆਂ ਰਾਹੀਂ ਤੁਹਾਡੀ ਪੂੰਜੀ ਦਾ ਵਾਧਾ ਕਰਨਾ, ਮਿਸ਼ਨ, ਐਗਾਸਿਜ਼ ਅਤੇ ਹੈਰੀਸਨ ਜਾਟ ਸਪਰਿੰਗਜ਼ ਦੇ ਜ਼ਿਲ੍ਹਿਆਂ ਵਿੱਚ ਛੋਟੇ ਕਓਰੋਬਾਰਾਂ ਜਾਂ ਧੰਦਿਆਂ ਨੂੰ ਤਕਨੀਕੀ ਸਿੱਖਿਆ ਜਾਂ ਸਲਾਹ ਦੇਣਾ।

☐ ***ਸਵੈ-ਰੋਜ਼ਗਾਰ ਦੇ ਪ੍ਰੋਗਰਾਮ:*** ਜੋ ਪਿਛਲੇ ਤਿੰਨ ਸਾਲ ਤੋਂ ਯੂ.ਆਈ. ਤੇ ਹੋਵੇ ਜਾਂ ਪਿਛਲੇ ਪੰਜਾਂ ਸਾਲਾਂ ਵਿੱਚ ਮੈਟਰਨਟੀ ਜਾਂ ਪੇਰੈਂਟਲ ਕਲੇਮ ਕੀਤਾ ਹੋਵੇ, ਉਹ ਅਰਜ਼ੀ ਦੇ ਸਕਦਾ ਹੈ। ਐਸ.ਈ. ਪ੍ਰੋਗਰਾਮ ਸੰਭਵੀ ਉੱਦਮਕਰਤਿਆਂ (ਇਨਟਰਪ੍ਰਨਿਉਰਜ਼) ਲਈ ਮਿਥਿਆ ਗਿਆ ਹੈ

☐ ***ਕਮਿਊਨਿਟੀ ਦੀ ਉਨੰਤੀ ਲਈ:*** ਕਮਿਊਨਿਟੀ ਨੂੰ ਦਰਪੇਸ਼ ਮਸਲਿਆਂ ਬਾਰੇ ਭਾਂਤ ਸੁਭਾਂਤੇ ਤੇ ਵੱਖਰੇ ਹਿੱਤ ਰੱਖਣ ਵਾਲੇ ਗਰੁੱਪਾਂ ਨੂੰ ਸੰਜੀਦਾ ਗੱਲਬਾਤ ਲਈ ਇਕੱਠੇ ਕਰਨਾ ਅਤੇ ਉਨ੍ਹਾਂ ਲਈ ਫੈਸਲੇ ਲੈਣਾ। ਕਾਰ, ਮੰਤਵ ਅਤੇ ਨਿਸ਼ਾਨੇ ਮਿਥਣ ਲਈ ਮੌਕੇ ਪੈਦਾ ਕਰਨ ਵਿੱਚ ਸਹਾਇਤਾ ਕਰਨਾ।

ਕਮਿਊਨਿਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਆਫ ਨਾਰਥ ਫਰੇਜ਼ਰ

32388 Fletcher Avenue, Mission, B.C. • V2V 5T1
Ph: (604) 826-6252 • Fax(604) 826-0052

ਐਬਟਸਫੋਰਡ 'ਚ ਤੁਹਾਡਾ ਆਪਣਾ ਦੰਦਾਂ ਦਾ ਕਲਿਨਿਕ

Dr. Manjinder Saini Inc.
-Dentist-

ਨਵੇਂ ਅਤੇ ਐਮਰਜੰਸੀ ਮਰੀਜ਼ਾਂ ਲਈ ਸੇਵਾਵਾਂ ਹਾਜ਼ਰ। ਅਸੀਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ।
New patients and emergency walk-ins welcome! We speak English, Punjabi, Hindi & Urdu.

Working Hours Tue, Wed & Fri 10:00am - 8:00pm
Thurs, Sat &Sun 9:00am - 5:00pm

We are above *Subway* at the 5 corner junction on South Fraser Way, just a 5 minute walk from the Sikh Temple.

-ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦੀ ਵਾਕ- **Tel: (604) 852-3935**
201-33640 South Fraser Way, Abbotsford. B.C. V2S 2B9

Farm Credit Canada ਫਾਰਮ ਫਾਇਨਾਨਸਿੰਗ
Agriculture. It's all we do.

Firoze Ali Shaik
Account Manager

Farm Financing
1520 McCallum Road, Suite 200
Abbotsford, BC V2S 8A3
Telephone: 604 870-2417
Facsimile: 604 870-2431
Toll Free: 1-800-387-3232
Phone: 604 870-6889
Cell: 604 557-0984

ਤੁਹਾਡੀਆਂ ਸਾਰੀਆਂ ਐਗਰੀਕਲਚਰ ਲੋੜਾਂ ਲਈ।
ਪੰਜਾਬੀ ਵੀ ਬੋਲਦੇ ਹਾਂ
ਖੇਤੀਬਾੜੀ ਦਾ ਅਸੀਂ ਸਭ ਕੰਮ ਕਰਦੇ ਹਾਂ

ਅਜ ਹੀ ਫੋਨ ਕਰੋ:- ਫਿਰੋਜ਼ ਅਲੀ ਸ਼ੇਖ ਨੂੰ:- 604-870-6889
ਸੈਲ:- 604-557-0984

ਇਤਿਹਾਸਕ ਲੇਖ

ਮਾਸਟਰ ਮਨਜੀਤ ਸਿੰਘ ਦਿਓਲ

ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ



ਸ੍ਰੀ ਗੁਰੂ ਗੋਬਿੰਦ ਸਿੰਘ ਜੀ 1708 ਈ: ਨੂੰ ਦੱਖਣ ਦੇ ਨਾਂਦੇੜ ਸ਼ਹਿਰ (ਸ੍ਰੀ ਸਚਖੰਡ ਅਬਚਲ ਨਗਰ ਹਜੂਰ ਸਾਹਿਬ) ਵਿਖੇ ਜੋਤੀ-ਜੋਤ ਸਮਾ ਗਏ। ਇਸ ਤੋਂ ਸਿੱਖਾਂ ਉੱਤੇ ਕਹਿਰਾਂ ਦਾ ਜ਼ੁਲਮ ਅਤੇ ਮਸੀਬਤਾਂ ਦੇ ਪਹਾੜ ਡਿੱਗ ਪਏ। ਪੰਜਾਂ ਸਿੰਘਾਂ ਦੀ ਅਗਵਾਈ ਹੇਠ ਅੱਠ ਸਾਲ ਬੰਦਾ ਸਿੰਘ ਬਹਾਦਰ ਨੇ ਕੌਮ ਦੀ ਅਗਵਾਈ ਕੀਤੀ। ਇਸ ਛੋਟੇ ਜਿਹੇ ਸਮੇਂ ਵਿੱਚ ਸਿੱਖ ਕੌਮ ਨੂੰ ਕਈ ਉਤਰਾ-ਚੜਾਅ ਵੇਖਣ ਨੂੰ ਮਿਲੇ ਸਨ। ਬੰਦਾ ਬਹਾਦਰ ਨੂੰ 1716 ਈ: ਨੂੰ ਬਾਦਸ਼ਾਹ ਫਰਖ਼ਸੀਅਰ ਨੇ 765 ਸਾਥੀਆਂ ਸਮੇਤ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਸੀ। ਬੰਦਾ ਸਿੰਘ ਬਹਾਦਰ ਦੀ ਮੌਤ ਬਾਅਦ ਸਿੱਖ ਦੋ ਧੜਿਆਂ ਵਿੱਚ ਜਿਵੇਂ ਕਿ 'ਬੰਦਈ' ਅਤੇ 'ਤੱਤ' ਖਾਲਸਾ ਵਿੱਚ ਵੰਡੇ ਗਏ ਸਨ। ਦੋਹਾਂ ਧੜਿਆਂ ਵਿੱਚ ਅਸੂਲਨ ਮੱਤ-ਭੇਦ ਜਿਆਦਾ ਵੱਧਣ ਕਰਕੇ ਭਾਈ ਮਨੀ ਸਿੰਘ ਨੇ 1721 ਈ: ਨੂੰ ਇਨ੍ਹਾਂ ਦੋਹਾਂ ਧੜਿਆਂ ਵਿੱਚ ਸਮਝੌਤਾ ਕਰਵਾ ਦਿੱਤਾ ਸੀ। ਇਹ ਸਮਝੌਤਾ ਵਿਸਾਖੀ ਵਾਲੇ ਦਿਨ ਕਰਵਾਇਆ ਗਿਆ ਸੀ। ਉਸ ਦਿਨ ਤੋਂ ਖਾਲਸਾ ਪੰਥ ਜਥੇਦਾਰ ਦਰਬਾਰਾ ਸਿੰਘ ਦੀ ਜੱਥੇਦਾਰੀ ਹੇਠ ਸੰਗਠਤ ਕੀਤਾ ਗਿਆ ਸੀ। ਜਥੇਦਾਰ ਦਰਬਾਰਾ ਸਿੰਘ ਸਰਹੰਦ ਦੇ ਰਹਿਣ ਵਾਲੇ ਸਨ। ਇਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਜਥੇਦਾਰ ਜੀ ਅਨੰਦਪੁਰ ਸਾਹਿਬ ਅਤੇ ਹੋਰ ਜੰਗਾਂ ਵਿੱਚ ਬਹੁਤ ਬਹਾਦਰੀ ਦਿਖਾਉਣ ਕਰਕੇ ਕਾਫੀ ਸਤਿਕਾਰੇ ਜਾਂਦੇ ਸਨ। ਆਪ ਜੀ ਦੀ ਅਗਵਾਈ ਵਿੱਚ ਖਾਲਸਾ ਪੂਰੇ ਜੋਬਨ ਉੱਤੇ ਜੈਕਾਰੇ ਛੱਡ ਰਿਹਾ ਸੀ। 1734 ਈ: ਨੂੰ ਜਥੇਦਾਰ ਦਰਬਾਰਾ ਸਿੰਘ ਜੀ ਨੇ ਆਪਣਾ ਅੰਤ ਨੇੜੇ ਆਇਆ ਹੋਣ ਕਰਕੇ ਜਥੇਦਾਰ ਨੇ ਸਰਬੱਤ ਖਾਲਸਾ ਦੀ ਸੰਮਤੀ ਅਤੇ ਜਥੇਦਾਰੀ ਨਵਾਬ ਕਪੂਰ ਸਿੰਘ ਜੀ ਨੂੰ ਸੌਂਪ ਦਿੱਤੀ ਸੀ। ਨਵਾਬ ਕਪੂਰ ਸਿੰਘ ਦੀ ਉਚੀ ਅਤੇ ਸੁੱਚੀ ਸਖਸ਼ੀਅਤ ਕਰਕੇ ਦਲ ਬਹੁਤ ਵੱਡਾ ਹੋ ਗਿਆ। ਇਸ ਕਰਕੇ ਇਸ ਨੂੰ ਦੋ ਦਲਾਂ ਵਿੱਚ ਜਿਵੇਂ ਕਿ 'ਬੁੱਢਾ ਦਲ' ਅਤੇ 'ਤਰਣਾ ਦਲ' ਵਿੱਚ ਵੰਡਣਾ ਪਿਆਂ ਸੀ। ਨਵਾਬ ਕਪੂਰ ਸਿੰਘ ਦੋਹਾਂ ਦਲਾਂ ਦੀ ਕਮਾਨ ਅਤੇ ਜੱਥੇਦਾਰੀ ਸੰਭਾਲ ਰਹੇ ਸਨ। ਦਲ ਕੌੜੀ ਵੇਲ ਵਾਂਗ ਏਨਾਂ ਵੱਧ ਗਿਆ ਕਿ ਦਲ ਨੂੰ ਪੰਜ ਹਿੱਸਿਆਂ ਵਿੱਚ ਵੰਡਣਾ ਪਿਆ। ਅਪਰੈਲ 1748 ਈ: ਨੂੰ ਦਲ ਏਨਾਂ ਵੱਡਾ ਹੋ ਗਿਆ ਕਿ ਇਸ ਨੂੰ 65 ਜਥਿਆਂ ਵਿੱਚ ਵੰਡਣਾ ਪਿਆ। ਇਸ ਤਰ੍ਹਾਂ ਇਨ੍ਹਾਂ ਪੈਂਹਠ ਹਿਸਿੱਆਂ ਨੂੰ ਇਕੱਠੇ ਕਰਕੇ ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਏ ਨੇ ਵਿਸਾਖੀ ਦੇ ਸੁਭਾਗੇ ਪੁਰਬ ਸਮੇਂ 12 ਜਥਿਆਂ ਵਿੱਚ ਵੰਡਕੇ ਇਕ ਨਵੀਂ ਤਰਤੀਬ ਦਿੱਤੀ ਜਿਸ ਨੂੰ ਬਾਰਾਂ ਮਿਸਲਾਂ 1.ਭੰਗੀਆਂ 2.ਆਹਲੂਵਾਲੀਆਂ 3.ਰਾਮਗੜ੍ਹੀਆ 4.ਸਿੰਘ ਪੁਰੀਆਂ 5.ਸ਼ੁਕਰਚਕੀਐ 6.ਨਿਸ਼ਾਨ ਵਾਲੀਆਂ 7.ਸ਼ਹੀਦਾਂ 8.ਨਕਈਆ 9.ਡਲੇਵਾਲੀਆ 10.ਕ੍ਰੋੜੀਆ 11.ਫੁਲਕੀਆਂ 12.ਕਨ੍ਹਈਆਂ ਆਦਿ। ਇਨ੍ਹਾਂ ਮਿਸਲਾਂ ਦੇ ਮਿਸਲਦਾਰ (ਜੱਥੇਦਾਰ) ਉਚੇ ਜੀਵਨ ਵਾਲੇ ਤੇ ਪੂਰਨ ਗੁਰਸਿਖ ਥਾਪੇ ਗਏ। ਧਰਮ ਪ੍ਰਚਾਰ ਦੇ ਨਾਲ ਨਾਲ 'ਰਾਜ ਕਰੇਗਾ ਖਾਲਸਾ' ਦੇ ਚਾਅ ਨਾਲ ਮਿਸਲਦਾਰਾਂ ਨੇ ਕੁਝ ਰਾਜਨੀਤਕ ਮੱਲਾਂ ਮਾਰਕੇ ਆਪਣੇ ਆਪਣੇ ਇਲਾਕੇ ਸਾਂਭ ਲਏ। ਇਸ ਤਰਾਂ ਹਰ ਮਿਸਲ ਵੱਖੋ ਵੱਖ ਇਲਾਕਿਆਂ ਦੀ ਮਾਲਕ ਬਣ ਗਈ ਪਰ ਰਾਜ ਕਰਨ ਤੋਂ ਵਧੇਰੇ ਵਿਹ ਧਰਮ ਪ੍ਰਚਾਰ ਅਤੇ ਵਿਦੇਸ਼ੀ ਲੁੱਟ-ਖਸੁੱਟ ਤੋਂ ਬਚਾਉਦੀ ਸਨ। ਇਸ ਕਰਕੇ ਹੀ ਸਿੱਖ ਮਿਸਲਾਂ ਦੇ ਸਮੇਂ ਨੂੰ ਸਿੱਖ ਰਾਖੀਆਂ ਦਾ ਸਮਾਂ ਕਿਹਾ ਜਾਂਦਾ ਸੀ। ਇਨ੍ਹਾਂ ਮਿਸਲਾਂ ਦੇ ਬਹਾਦਰ ਜਰਨੈਲਾਂ ਤੇ ਖਾਲਸਾ ਫੌਜ ਨੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦਾ ਮੂੰਹ ਤੋੜਵਾਂ ਜੁਆਬ ਦਿੱਤਾ ਸੀ। ਮਿਸਲਾਂ ਦੇ ਸਮੇਂ ਖਾਲਸੇ ਦੇ ਟਿਕਾਣੇ ਕਦੇ ਰੋੜਾਂ, ਕਦੇ ਰੱਕੜਾਂ ਤੇ ਕਦੇ ਘੋੜਿਆਂ ਦੀਆਂ ਕਾਠੀਆਂ ਉੱਤੇ ਹੁੰਦੇ ਸਨ। ਮਿਸਲਾਂ ਦੇ ਸਮੇਂ ਹੀ ਦੋ ਵੱਡੇ ਘਲੂਘਾਰੇ ਹੋਏ ਜਿੰਨ੍ਹਾਂ ਵਿੱਚ ਚਾਲੀਹਜਾਰ ਤੋਂ ਵੱਧ ਸ਼ਹੀਦੀਆਂ ਹੋਈਆਂ ਸਨ। ਖਾਲਸਾ ਭਾਵੇਂ ਮਿਸਲਾਂ ਵਿੱਚ ਵੰਡਿਆ ਹੋਇਆ ਸੀ ਪਰ ਫਿਰ ਵੀ ਸਾਰੇ ਮਿਸਲਦਾਰ ਅਤੇ ਖਾਲਸਾ ਪੰਥ ਸਾਲ ਵਿੱਚ ਦੋ ਵਾਰੀ ਦਿਵਾਲੀ ਅਤੇ ਵੈਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਇਸ ਉੱਤੇ ਸਾਂਝੇ ਪੰਥਕ ਉਨੱਤੀ ਦੇ ਪ੍ਰੋਗਰਾਮ ਉਲੀਕੇ ਜਾਂਦੇ ਸਨ। ਮਿਸਲਦਾਰਾਂ ਦੇ ਆਪਸੀ ਝਗੜੇ ਨਜਿੱਠੇ ਜਾਂਦੇ ਸਨ। ਇਨ੍ਹਾਂ ਮੌਕਿਆਂ ਉਪਰ ਹੀ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਸੀ। ਮਿਸਲਾਂ ਦੇ ਜੱਥੇਦਾਰ, ਧਾਰਮਿਕ ਸਲਾਹਕਾਰ ਅਤੇ ਪੰਥਕ ਬੁੱਧੀ ਜੀਵੀ ਅਕਾਲ ਤਖਤ ਉੱਤੇ ਬੈਠਕੇ ਸਾਰੇ ਪੰਥਕ ਫੈਸਲੇ ਸਰਬਸੰਮਤੀ ਨਾਲ ਕੀਤੇ ਜਾਂਦੇ ਸਨ। ਸਾਰੇ ਪੰਥ ਵਿੱਚ ਗੁਰੂ ਦਾ ਹੁਕਮ ਗੁਰੂ ਦੇ ਹਾਜਰ ਨਾਜਿਰ ਸਮਝਕੇ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਪੰਥਕ ਜਮਹੂਰੀਅਤ ਪੂਰੀ ਤਰ੍ਹਾਂ ਕਾਇਮ ਸੀ। ਇਸ ਤਰ੍ਹਾਂ ਖਾਲਸਾ ਦਲ ਰਾਜ ਕਰੇਗਾ ਖਾਲਸਾ ਦੇ ਚਾਅ ਕਰਕੇ ਗੁਰਦੁਆਰਿਆਂ ਦੇ ਪਰਬੰਧ ਤੋਂ ਅਵੇਸਲਾ ਹੋ ਚੁੱਕਾ ਸੀ। ਗੁਰਦਵਾਰਿਆਂ ਦੀ ਸੇਵਾ ਨਿਰਮਲੇ ਮਹੰਤਾਂ ਅਤੇ ਬ੍ਰਾਹਮਣਬਾਦੀ ਮਤਿ ਦੇ ਪ੍ਰਭਾਵ ਹੇਠ ਆ ਚੁੱਕੀ ਸੀ। ਇਸ ਤਰ੍ਹਾਂ ਗੁਰੂਆਂ ਦੇ ਗੁਰਮਤਿ ਅਸੂਲ ਹੌਲੀ -ਹੌਲੀ ਅਲੋਪ ਹੁੰਦੇ ਜਾ ਰਹੇ ਸਨ। ਇਸ ਤਰ੍ਹਾਂ ਖਾਲਸਾ ਰਾਜਨੀਤਕ ਖੇਤਰ ਪੰਜਾਬ ਵਿੱਚ ਪੂਰੀ ਤਰ੍ਹਾਂ ਛਾ ਗਿਆ। 1768 ਈ: ਨੂੰ ਪੂਰੇ ਪੰਜਾਬ ਉੱਤੇ ਸਿੱਖ ਮਿਸਲਾਂ ਦਾ ਰਾਜ ਕਾਇਮ ਹੋ ਗਿਆ। ਇਸ ਤਰ੍ਹਾਂ ਜਿਉਂ-ਜਿਉਂ ਰਾਜ ਵਧੇਰੇ ਮਜਬੂਤ ਹੁੰਦਾ ਗਿਆ ਤਿਵੇਂ ਸਿੱਖਾਂ ਦੀ ਧਾਰਮਿਕ ਵਿਵੱਸਥਾ ਗੁਰਮਤਿ ਤੋਂ ਦੂਰ ਹੁੰਦੀ ਜਾ ਰਹੀ ਸੀ। 1799 ਈ: ਨੂੰ ਮਹਾਰਾਜਾ ਰਣਜੀਤ ਸਿੰਘ ਲਾਹੌਰ ਉੱਤੇ ਪੂਰੀ ਤਰ੍ਹਾਂ ਕਾਬਜ ਹੋ ਗਿਆ ਅਤੇ ਨਾਲ ਹੀ ਇਸ ਦੇ ਖਾਲਸਾ ਦਰਬਾਰ ਦੀ ਨੀਂਹ ਰਖੀ ਗਈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖਾਂ ਲਈ ਕਾਬਲੇ ਤਰੀਫ ਸੀ। ਮਾਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਡੋਗਰਾ ਨੀਤੀ ਨਾਲ ਸਿੱਖ ਰਾਜ 1849 ਈ: ਨੂੰ ਖਤਮ ਹੋ ਗਿਆ। ਇਸ ਦੇ ਨਾਲ ਸਿੱਖ ਰੂਹ ਰੀਤਾਂ ਵੀ ਖਾਲਸੇ ਵਿੱਚੋਂ ਖੰਭ ਲਾ ਕੇ ਉੱਡ ਗਈਆਂ। ਇਸ ਦੇ ਸਿੱਟੇ ਵੱਜੋਂ ਹੀ ਗੁਰਦੁਆਰਿਆਂ ਵਿੱਚ ਪਖੰਡੀ ਪੁਜਾਰੀਆਂ ਦਾ ਬੋਲਬਾਲਾ ਹੋ ਗਿਆ ਸੀ। ਇਸ ਤੋਂ 9 ਸਾਲ ਮਗਰੋਂ ਨਾਮਧਾਰੀ ਲਹਿਰ ਅਰੰਭ ਹੋਈ। ਇਸ ਦੇ ਮੋਢੀ ਬਾਬਾ ਰਾਮ ਸਿੰਘ ਭੈਣੀ (ਲੁਧਿਆਣਾ) ਨੂੰ ਪ੍ਰਾਪਤ ਹੋਈ। ਬਾਬਾ ਰਾਮ ਸਿੰਘ ਜੀ ਨੇ ਨਾਮ ਸਿਮਰਨ ਦੇ ਨਾਲ ਨਾਲ ਅੰਮ੍ਰਿਤ ਸੰਚਾਰ ਅਤੇ ਸਮਾਜ ਸੁਧਾਰ ਦੇ ਬੇਗਣਿਤ ਕੰਮ ਕੀਤੇ ਸਨ। ਬਾਬਾ ਜੀ ਨੇ ਜਾਤ-ਪਾਤ, ਨਸ਼ਿਆਂ ਦੀ ਵਰਤੋਂ ਉੱਤੇ ਪਾਬੰਦੀ, ਮੜੀਆਂ ਦੀ ਪੂਜਾ ਉੱਤੇ ਰੋਕ ਅਤੇ ਦੇਹਧਾਰੀ ਗੁਰੂਆਂ ਦੀ ਹੋਂਦ ਉੱਤੇ ਰੋਕ ਲਾਈ ਸੀ। ਬਾਬਾ ਰਾਮ ਸਿੰਘ ਪਖੰਡੀ ਲੋਕਾਂ ਅਤੇ ਬਹੂਰੂਪੀਆ ਦੇ ਵਿਰੁੱਧ ਸਨ। ਉਨ੍ਹਾਂ ਨੇ ਸਭ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੁਨਣ ਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲਿਆਂ ਦੀ ਵਿਰੋਧਤਾ ਕੀਤੀ ਸੀ। ਆਪ ਨੇ ਨਾਮਿਲਵਰਤਣ ਲਹਿਰ ਚਲਾਈ ਸੀ ਭਾਵੇਂ ਕਿ ਇਸ ਦਾ ਨੁਕਸਾਨ ਵਧੇਰੇ ਰਾਮ ਸਿੰਘ ਅਤੇ ਸਾਥੀਆਂ ਨੂੰ ਸਹਿਣਾ ਪਿਆ ਸੀ।

1854 ਈ: ਨੂੰ ਸਿੰਘ ਸਭਾ ਲਹਿਰ ਦੇ ਵਾਜੇ ਵੱਜਣੇ ਅਤੇ ਸਿੱਖ ਕੌਮ ਨੂੰ ਮੁੜ ਸੁਚੇਤ ਕਰਨ ਲਈ ਸ਼ੁਰੂ ਹੋ ਚੁੱਕੇ ਸਨ। 1870 ਈ: ਨੂੰ ਸਵਾਮੀ ਦਿਆ ਨੰਦ ਜੀ ਪੰਜਾਬ ਆਏ ਸਨ। ਉਨ੍ਹਾਂ ਨੇ ਵੈਦਿਕ ਮੱਤ ਨੂੰ ਪ੍ਰਚਾਰਿਆ ਸੀ। ਉਨ੍ਹਾਂ ਲੋਕਾਂ ਵਿੱਚੋਂ ਜਾਤ-ਪਾਤ ਨੂੰ ਕੱਢਿਆ। ਉਨ੍ਹਾਂ ਨੇ ਵਿਧਵਾ ਵਿਆਹ ਨੂੰ ਜਇਜ ਕਰਾਰ ਦਿੱਤਾ ਸੀ। ਪੰਜਾਬ ਆਰੀਆ ਸਮਾਜ ਦੇ ਪ੍ਰਚਾਰ ਲਈ ਵਧੀਆਂ ਇਲਾਕ ਸੀ। ਗਿਆਨੀ ਗੁਰਦਿਤ ਸਿੰਘ ਅਤੇ ਪ੍ਰੋ: ਗੁਰਮੁੱਖ ਸਿੰਘ ਵਰਗੇ ਵਿਦਵਾਨ ਵੀ ਨਾਲ ਮਿਲ ਗਏ ਸਨ। ਸਵਾਮੀ ਦਿਆ ਨੰਦ ਜੀ ਦੇ ਸਿੱਖ ਧਰਮ ਪ੍ਰਤੀ ਦਿੱਤੇ ਅਗਿਆਨਤਾ ਭਰੇ ਵਿਚਾਰਾਂ ਕਰਕੇ ਮੱਤ ਭੇਦ ਹੋ ਗਏ ਸਨ।ਜਿਸ ਕਰਕੇ ਇਹ ਸੱਜਣ ਵੱਖਰੇ ਹੋ ਕੇ ਸਿੰਘ ਸਭਾ ਲਹਿਰ ਦੇ ਅਰੰਭਤਾ ਭਰੇ ਸਮੇਂ ਦੇ ਮੋਢੀ ਅਖਵਾਏ ਅਤੇ ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਦਾ ਅਰੰਭ ਹੋਇਆ ਸੀ। ਭਾਈ ਕਾਨ੍ਹ ਸਿੰਘ ਨਾਭੇ ਅਨੁਸਾਰ ਸਿੰਘ ਸਭਾ ਦਾ ਇਤਿਹਾਸ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਸਿੰਘ ਸਭਾ ਤੋਂ ਭਾਵ ਅੰਮ੍ਰਿਤਧਾਰੀ ਸਿੰਘਾਂ ਦਾ ਸੁਧਾਰਕ ਜੱਥਾ ਜਿਸ ਦਾ ਮਨੋਰਥ ਧਰਮ ਦੀ ਅਸਲੀ ਮਰਯਾਦਾ ਨੂੰ ਕਾਇਮ ਕਰਨਾ ਹੈ। ਸਭ ਤੋਂ ਪਹਿਲਾਂ ਧਰਮ ਅਤੇ ਵਿੱਦਿਆ ਪ੍ਰਚਾਰ ਲਈ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਿੱਚ ਮਜੀਠੀਆਂ ਦੇ ਬੁੰਗੇ ਨਾਨਕ ਸ਼ਾਹੀ ਸੰਮਤ 404 (ਬਿਕਰਮੀ

Cont'd on Next Page

Cont'd from page 12

1929) ਵਿੱਚ ਕਾਇਮ ਹੋਈ। ਜਿਸ ਦੇ ਪ੍ਰਧਾਨ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਸਨ। ਸਭਾ ਦੀ ਇੱਕਤਰਤਾ ਦਾ ਅਸਥਾਨ ਗੁਰੂ ਕਾ ਬਾਗ ਠਹਿਰਾਇਆ ਗਿਆ। ਇਸ ਤੋਂ ਬਾਦ 1879 ਈ: ਵਿੱਚ ਲਾਹੌਰ ਵਿਖੇ ਗੁਰੂ ਰਾਮਦਾਸ ਸਾਹਿਬ ਦੇ ਜਨਮ-ਅਸਥਾਨ ਦੀਵਾਨ ਬੂਟਾ ਸਿੰਘ ਦੀ ਪ੍ਰਧਾਨਗੀ ਅਧੀਨ ਬਣੀ ਸੀ। ਇਸ ਤੋਂ ਬਾਅਦ ਇਹ ਸਭਾ ਅਨੇਕਾਂ ਜਿਲ੍ਹਿਆਂ ਵਿੱਚ ਬਣੀ ਸੀ। ਇਸ ਤੋਂ ਪਿੱਛੋਂ 10 ਨਵੰਬਰ 1901 ਈ: ਸ਼ਰੋਮਣੀ ਸਿੰਘਾਂ ਦੀ ਇਕੱਤਰਤਾ ਹੇਠ ਅੰਮ੍ਰਿਤਸਰ ਵਿਖੇ ਚੀਫ ਖਾਲਸਾ ਦੀਵਾਨ ਦੀ ਨੀਂਹ ਰੱਖੀ ਗਈ। 1901 ਈ: ਤੋਂ 1925 ਈ: ਤੱਕ ਸਿੰਘ ਸਭਾ ਲਹਿਰ ਨੇ ਅਨੇਕਾਂ ਵਿਦਿਅਕ ਅਦਾਹੇ ਖੋਲੇ। ਪਿੰਡ-ਪਿੰਡ ਸਭਾਵਾਂ ਕਾਇਮ ਹੋ ਗਈਆ। ਅੰਮ੍ਰਿਤ ਪ੍ਰਵਾਹ ਪੂਰੇ ਜੋਰਾਂ ਉੱਤੇ ਸ਼ੁਰੂ ਕੀਤਾ ਗਿਆ। ਸਿੱਖ ਮਰਿਯਾਦਾ ਅਤੇ ਰੀਤੀ ਰਿਵਾਜ ਮੁੜ ਚਮਕ ਪਏ ਸਨ। ਇਸ ਸਮੁੱਚੇ ਵਾਧੇ ਦਾ ਨਤੀਜਾ "ਗੁਰਦੁਆਰਾਂ ਸੁਧਾਰ ਲਹਿਰ" ਦਾ ਜਨਮ ਹੋਇਆ।

ਗੁਰਦੁਆਰਾ ਸੁਧਾਰ ਲਹਿਰ ਦਾ ਅਰੰਭ ਗੁਰਦੁਆਰਾ ਬੇਰ ਸਾਹਿਬ ਸਿਆਲ ਕੋਟ ਤੋਂ ਹੋਇਆ। ਇਸ ਲਹਿਰ ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਕੇ ਖਾਲਸੇ ਦੀ ਜਿੱਤ ਦੇ ਡੰਕੇ ਵਜਾਣੇ ਸਨ। 15 ਨਵੰਬਰ 1920 ਈ: ਨੂੰ ਸ੍ਰੀ ਅਕਾਲ ਤਖਤ ਤੇ ਪੰਥਕ ਮੁੱਖੀਆਂ ਦੀ ਇਕੱਤਰਤਾ ਹੋਈ ਇਸੇ ਮੀਟਿੰਗ ਵਿੱਚ 175 ਬੰਦਿਆਂ ਦੀ ਇੱਕ ਕਮੇਟੀ ਬਣਾਈ ਗਈ ਜਿਸ ਨੂੰ ਸ਼ਰੋਮਣੀ ਕਮੇਟੀ ਦਾ ਨਾਂ ਦਿੱਤਾ ਗਿਆ। ਇਸ ਕਮੇਟੀ ਦੇ ਪ੍ਰਧਾਨ ਸੁੰਦਰ ਸਿੰਘ ਜੀ ਮਜੀਠੀਆ ਬਣਾਏ ਗਏ। ਇਹ ਕਮੇਟੀ 20 ਵਪਰੈਲ 1921 ਈ: ਰਜਿਸਟਰ ਕਰਾਈ ਗਈ। ਇਹ ਸ਼ਰੋਮਣੀ ਕਮੇਟੀ ਬਣਨ ਤੋਂ ਇੱਕ ਮਹੀਨਾਂ ਬਾਦ ਨਨਕਾਣਾ ਸਾਹਿਬ ਦਾ ਸਾਕਾ (20 ਫਰਵਰੀ 1921 ਈ:) ਹੋਇਆ ਸੀ। ਇਸ ਤੋਂ ਬਾਦ 7 ਨਵੰਬਰ 1921 ਈ: ਨੂੰ ਚਾਬੀਆਂ ਦਾ ਮੋਰਚਾ ਲੱਗਾ ਸੀ। ਨਵੰਬਰ 1923 ਈ: ਨੂੰ ਸ਼ਰੋਮਣੀ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਦੋਵੇਂ ਕਾਨੂੰਨ ਵਿਰੋਧੀ ਕਰਾਰ ਦਿੱਤੇ ਗਏ। 21 ਫਰਵਰੀ 1924 ਈ: ਨੂੰ ਜੈਤੋ ਦਾ ਮੋਰਚਾ ਲੱਗਾ। ਅਖੀਰ ਕਈ ਤਰ੍ਹਾਂ ਦੇ ਕਸ਼ਟ ਅਤੇ ਤਸੀਹਿਆਂ ਤੋਂ ਬਾਦ 7 ਜੁਲਾਈ 1925 ਈ: ਨੂੰ ਗੁਰਦੁਆਰਾ ਐਕਟ ਬਣਾਇਆ ਗਿਆ। ਇਹ ਐਕਟ ਨਵੰਬਰ 1925 ਈ: ਵਿੱਚ ਹੀ ਲਾਗੂ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਨੂੰ ਅਕਾਲੀ ਲਹਿਰ ਕਹਿਣਾ ਸ਼ੁਰੂ ਹੋ ਗਿਆ। ਗੁਰਦੁਆਰਾ ਐਕਟ ਲਾਗੂ ਹੋਣ ਤੋਂ ਬਾਅਦ ਸ਼ਰੋਮਣੀ ਕਮੇਟੀ ਨੇ ਜਿੱਥੇ ਧਾਰਮਿਕ ਪ੍ਰਚਾਰ ਕਰਨਾ ਸੀ ਉੱਥੇ ਇਹ ਕਮੇਟੀ ਵਧੇਰੇ ਰਾਜਨੀਤਕ ਕੰਮਾਂ ਨੂੰ ਪਹਿਲ ਦੇਣ ਲੱਗੀ ਹੋਈ ਹੈ। ਸ਼ਰੋਮਣੀ ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਇੱਕੋ ਹੀ ਸਿੱਕੇ ਦੇ ਦੋ ਪਾਸੇ ਹਨ। ਭਾਵੇਂ ਸਿੰਘ ਸਭਾ ਲਹਿਰ ਨੂੰ ਮੁੜ ਸੁਰਜੀਤ ਕਰਨ ਲਈ ਕਈ ਉਪਰਾਲੇ ਕੀਤੇ ਗਏ ਹਨ ਪਰ ਪੂਰੀ ਤਰ੍ਹਾਂ ਕਾਮਯਾਬੀ ਅਜੇ ਪੂਰੀ ਨਹੀਂ ਹੋਈ। ਸੋ ਸਿੰਘ ਸਭਾ ਲਹਿਰ ਦਾ ਮਹਾਨ ਇਤਿਹਾਸਕ ਪਿਛੋਕੜ ਹੈ। ਇਹ ਕੌਮ ਦੀ ਮਹਾਨ ਲਹਿਰ ਸੀ। ਇਸ ਦਾ ਇਤਿਹਾਸ ਆਪਣੀ ਮਿਸ਼ਾਲ ਆਪ ਹੀ ਹੈ।

ਖਿਡਾਉਣਾ

(ਜਸਵੰਤ ਕੌਰ "ਵਿਰਕ ")

ਗਾਲਿਬ ਕਲਾਂ
ਰੱਬ ਨੇ ਸਾਨੂੰ ਖੇਡਣ ਦੇ ਲਈ ,
ਦਿੱਤਾ ਇੱਕ ਖਿਡਾਉਣਾ ।
ਨਾ ਬਾਗੀਂ , ਨਾ ਬਹਾਰੀਂ ,
ਨਾ ਹੱਟੀਏਂ , ਨਾ ਬਜ਼ਾਰੀਂ ,
ਨਾ ਲੱਭਿਆਂ ਇਹ ਥਿਆਉਣਾ ...ਰੱਬ ਨੇ ਸਾਨੂੰ...
ਸਾਰਾ ਦਿਨ ਕੰਮ ਵਧਾਈ ਜਾਵੇ ,
ਸਭ ਨੂੰ ਧੰਦੇ ਲਾਈ ਜਾਵੇ ।
ਆਪ ਤਾਂ ਬੈਠਾ ਚੁੱਪ ਚੁਪੀਤਾ ,
ਬੁੱਲ੍ਹਾਂ ਵਿਚ ਮੁਸਕਾਈ ਜਾਵੇ ।
ਉਚੀ ਉਚੀ ਜਦ ਮਾਰੇ ਚੀਕਾਂ ,
ਔਖਾ ਫਿਰ ਹਟਾਉਣਾ ... ਰੱਬ ਨੇ ਸਾਨੂੰ ...
ਨਿੱਕੀਆਂ ਨਿੱਕੀਆਂ ਇਲਤਾਂ ਕਰਦਾ ,
ਸੁਹਣਾ ਸਭ ਨੂੰ ਲਗਦਾ ।
ਸਾਰੀਆਂ ਚੀਜ਼ਾਂ ਤੋੜ ਭੰਨ ਕੇ,
ਨਵੀਆਂ ਕਾਢਾਂ ਕੱਢਦਾ ।
ਮਨ ਆਈ ਹੈ ਕਰਕੇ ਰਹਿੰਦਾ,
ਆਪਣੀ ਜ਼ਿਦ ਪੁਗਾਉਣਾ ... ਰੱਬ ਨੇ ਸਾਨੂੰ ...
ਡੂੰਘੀਆਂ ਡੂੰਘੀਆਂ ਗੱਲਾਂ ਕਰਦਾ ,
ਬੋਲੇ ਠੇਠ ਪੰਜਾਬੀ ।
ਆਖੇ ਮੈਨੂੰ ਦਾਰੂ ਦੇ ਦਿਓ,
ਹੋਣਾ ਮੈਂ ਸ਼ਰਾਬੀ ।
ਦਾਦੇ ਦੀਆਂ ਸਾਂਗਾਂ ਲਾ ਲਾ ,
ਸਭ ਨੂੰ ਫਿਰ ਦਿਖਾਉਣਾ ... ਰੱਬ ਨੇ ਸਾਨੂੰ ...
ਛੋਟੀ ਜਿਹੀ ਬਗੀਚੀ ਦੇ ਵਿਚ ,
ਫੁੱਲ ਕਮਲ ਦਾ ਖਿੜਿਆ ।
ਕਿਰਨ ਉਮੀਦਾਂ ਵਾਲੀ ਲੈ ਕੇ ,
ਸੂਰਜ ਹੈ ਇੱਕ ਚੜ੍ਹਿਆ ।
ਐ ਦਾਤਾ ! ਬਲ ਦੇ ਦੇ ਇਸ ਨੂੰ ,
ਸਿੱਧੇ ਰਾਹੇ ਪਾਉਣਾ ... ਰੱਬ ਨੇ ਸਾਨੂੰ ...
ਖੁਸ਼ ਹੁੰਦੀ ਏ " ਵਿਰਕ " ਵੇਖ ਕੇ ,
ਜਦ ਸਭ ਕੁਝ ਵੰਡ ਕੇ ਖਾਵੇ ।
ਜਗਦਾਨ ਰਹੇ ਇਹ ਦੀਪ ਹਮੇਸ਼ਾਂ ,
ਕੁਲ ਆਪਣੀ ਰੁਸ਼ਨਾਵੇ ।
ਇਸ ਕੋਲ ਨੇ ਲੱਖਾਂ ਖੇਡਾਂ ,
(ਪਰ) ਸਾਡਾ ਇਹ ਖਿਡਾਉਣਾ ...ਰੱਬ ਨੇ ਸਾਨੂੰ ਖੇਡਣ ਦੇ ਲਈ ,
ਦਿੱਤਾ ਇਕ ਖਿਡਾਉਣਾ ।

ਗਜ਼ਲ

(ਹਰਭਜਨ ਸਿੰਘ ਮਾਂਗਟ , ਸਰੀ ਬੀ.ਸੀ.)

ਬਣ ਨਾ ਜਾਵੇ ਪਰਬਤ ਯਾਰੋ ਰਾਈ ਦਾ,
ਏਸੇ ਕਰਕੇ ਦਿਲ ਵਿਚ ਰਾਜ਼ ਲੁਕਾਈ ਦਾ ।
ਖਿੜਦੇ ਫੁੱਲਾਂ ਨੇ ਇਹ ਗੱਲ ਸਮਝਾਈ ਏ ,
ਰੋ ਰੋ ਕੇ ਵੀ ਹਾਸੇ ਨੂੰ ਗਲ ਲਾਈ ਦਾ ।
ਨਿੰਦਨਾ ਮਿੱਟੀ ਤਾਈਂ ਪੂਜ ਮਿੱਟੀ ਨੂੰ ,
ਆਖਰ ਨੂੰ ਤਾਂ ਏਸੇ ਵਿਚ ਮਿਲ ਜਾਈਦਾ ।
ਕਰਨੀ ਹੈ ਤਾਂ ਰਚਨਾ ਕਰ ਤੂੰ ਅਮਰ ਜੇਹੀ ,
ਵਕਤੀ ਸ਼ੁਹਰਤ ਪਿੱਛੇ ਨਾਹੀਂ ਜਾਈਦਾ ।
ਸ਼ੁਭ ਅਮਲਾਂ ਦਾ ਜੀਵਨ ਜੀਣਾ " ਯਾਰ ਲਵੋ ,
ਚੰਦਨ ਦੇ ਮੁੱਢ ਬਾਂਸ ਨਹੀਂ ਬਣ ਜਾਈਦਾ ।
ਐਵੇਂ ਸ਼ੇਖ ਬਣੋ ਨਾ ਬਣ ਜਾਓ ਆਦਮ ਹੀ ,
ਦੂਜੇ ਦੇ ਕੰਮ ਹੱਸਕੇ 'ਮਾਂਗਟ ' ਆਈ ਦਾ ।

ਗਜ਼ਲ

ਜੀਵਨ ਰਾਮਪੁਰੀ

ਉਮਰਾਂ ਦੇ ਅਸੀਂ ਪਿਆਸੇ ਆਂ ਭਰ ਭਰ ਕੇ ਜਾਮ ਪਿਲਾ ਸਾਕੀ।
ਅਸੀਂ ਤਸ਼ਨਾਲਬ ਹਾਂ ਅਜ਼ਲਾਂ ਦੇ ਹੋਟਾਂ ਨਾਲ ਹੋਟ ਛੁਆ ਸਾਕੀ।

ਗੋ ਲੱਗਦੇ ਆਂ ਮਖ਼ਮੂਰ ਜਿਹੇ, ਦੀਵਾਨੇ ਆਂ ਮਨਸੂਰ ਜਿਹੇ
ਅਸੀਂ ਚਾਕ ਗਿਰੇਬਾਂ ਵਾਙੂਆਂ, ਕੋਈ ਪਿਆਰ ਦੀ ਟਾਕੀ ਲਾ ਸਾਕੀ।

ਸਧਰਾਂ ਬਣੀਆਂ ਨੇ ਪੈਮਾਨੇ, ਆ ਬੈਠੇ ਆਂ ਤੇਰੇ ਮੈਖ਼ਾਨੇ,
ਚਰਚਾ ਹੈ ਤਿਰੀ ਸਖ਼ਾਵਤ ਦਾ, ਸਾਡੀ ਤਸ਼ਨਾ-ਲਬੀ ਮਿਟਾ ਸਾਕੀ।

ਅਸੀਂ ਵਿੱਚ ਉਜਾੜੀਂ ਥੋਹਰ ਜਿਹੇ, ਅਸੀਂ ਪਿਆਰਾਂ ਬਿਨਾਂ ਮਸ਼ਹੂਰ ਜਿਹੇ
ਸਾਡੀ ਜਿੰਦੂ ਤਪਦੀ ਮਾਰੂਥਲ, ਸਾਡੀ ਪਿਆਰ ਦੀ ਤੇਹ ਵਰਚਾ ਸਾਕੀ।

ਦੀਵਾਨੇ ਕੋਲੋਂ ਓਹਲਾ ਕੀ, ਪਿਆਰਾਂ ਦੇ ਵਿਚ ਵਿਚੋਲਾ ਕੀ,
ਪਰਦੇ 'ਚੋਂ ਨਿਕਲ, ਹੋ ਜਲਵਾਗਰ, ਸਾਡੀ ਕਾਇਆ ਨੂੰ ਰੁਸ਼ਨਾ ਸਾਕੀ।

ਜੋਬਨ ਦੇ ਉਮਡੇ ਮੈਖ਼ਾਨੇ, ਲਬਰੇਜ਼ ਛਲਕਦੇ ਪੈਮਾਨੇ,
ਜੋਬਨ ਦੀ ਖੁਮਾਰੀ ਨਾਲ ਮਿਰਾ, ਲੂੰ ਲੂੰ ਕਣ ਨਸ਼ਿਆ ਸਾਕੀ।

ਐਬਸਫੋਰਡ ਵਿੱਚ ਖੁੱਲ ਗਿਆ ਹੈ ਮੋਗੇ ਵਾਲਿਆਂ ਦਾ ਗਹਿਣਿਆਂ ਦਾ ਸ਼ੋਅ ਰੂਮ

ਚਮਕੌਰ ਜਿਊਲਰਜ਼ ਇੰਕ. ਮੋਗੇ ਵਾਲੇ ਪਿੰਡ ਕੋਕਰੀ

* 22 ਅਤੇ 24 ਕੈਰਟ ਦੇ ਗਹਿਣੇ
* ਚਾਂਦੀ ਦੀਆਂ ਗਿਫਟ ਆਈਟਮਾਂ
* ਸੋਨੇ ਦੇ ਬਿਸਕੁਟ ਬੈਂਕ ਰੇਟ
* ਬਰਥ ਸਟੋਨ
* ਅਪਰੇਜ਼ਲ
* ਮੁਰੰਮਤ
* ਘੜੀਆਂ
* ਇੰਡੀਆ ਵਿਖੇ 24 ਘੰਟਿਆਂ 'ਚ ਪੈਸੇ ਭੇਜੇ ਜਾਂਦੇ ਹਨ

* SILVER GIFT ITEMS
* GOLD BARS ON BANK RATE
* BIRTH STONE
* APPRAISAL
* WATCHES
* MONEY EXCHANGE TO INDIA WITH IN 24 HOURS

ਸਾਡੇ ਕੋਲੋਂ ਖਰੀਦੇ ਗਹਿਣੇ ਦੀ ਮੁਫਤ ਅਪਰੇਜ਼ਲ ਕਰਦੇ ਹਾਂ।

CHAMKAUR JEWELLERS INC.

PH/FAX: (604)557-0096 *#107-32988 SOUTH FRASER WAY, ABBOTSFORD, B.C.*

ਹੋਰ ਜਾਣਕਾਰੀ ਲਈ ਚਮਕੌਰ ਸਿੰਘ ਜਾਂ ਰਾਜਨ ਨੂੰ ਫੋਨ ਕਰੋ:
(604)807-0533

INDIA ADDRESS: **CHAMKAUR JEWELLERS
MANDI GATE-SARFAN,
BAZAR MOGA, PUNJAB** **PH: 91-1636-20363**

ਨੋਟ:ਇਥੇ ਪੈਸੇ ਦੇ ਕੇ ਸਾਡੀ ਇੰਡੀਆ ਵਾਲੀ ਦੁਕਾਨ ਤੋਂ ਤੁਸੀਂ ਸੋਨਾ ਚੁੱਕ ਸਕਦੇ ਹੋ।

ਐਨਿਵਅਸਰਿ ਸੇਲ

EYE CLINIC

DR. S.S. BUBRA OPTOMETRIST

EYE EXAMS • CONTACTS • LASER CO-MANAGEMENT

ਡਾ. ਬੱਬਰਾ ਨਾਲ ਸਿੱਧੀ ਅਪਾਉਂਇਟਮੈਂਟ ਕਰੋ।

- ਇਥੋਂ ਦਾ ਜੰਮਪੱਲ ਕਨੇਡੀਅਨ ਅਤੇ ਅਮੈਰਿਕਨ ਐਜੁਕੇਟਿਡ ਡਾਕਟਰ ਪੰਜਾਬੀ ਮਾਂ-ਬੋਲੀ ਵਿੱਚ ਆਪ ਜੀ ਦੀ ਸੇਵਾ ਲਈ ਹਰ ਵੇਲੇ ਹਾਜ਼ਿਰ ਹੈ।
- ਨਵੇਂ ਮਰੀਜ਼ਾ ਦਾ ਹਰ ਵੇਲੇ ਸੁਵਾਗਤ ਕੀਤਾ ਜਾਂਦਾਂ ਹੈ।
- ਤੁਸੀ ਇਥੇ ਪੰਜਾਬੀ ਵਿੱਚ ਵੀ ਗੱਲਬਾਤ ਕਰ ਸਕਦੇ ਹੋ।
- ਅੱਖਾਂ ਦੀ ਚੈਕਅੱਪ ਮੈਡੀਕਲ ਕਵਰ ਕਰਦੀ ਹੈ।


Dr. S.S. Bubra
ਅੱਖਾਂ ਦਾ ਡਾਕਟਰ

DIRECT APPOINTMENT
604 852-1033
NEW PATIENTS ALWAYS WELCOME

- **All Children Should Get Their Eyes Checked Especially at the Start of the School Year**
- **ਸਕੂਲ ਸਾਲ ਆਰੰਭ ਹੋਣ ਤੋਂ ਪਹਿਲਾਂ ਸਾਰੇ ਬੱਚਿਆਂ ਦੀਆਂ ਅੱਖਾਂ ਦੀ ਚੈਕੱ ਅੱਪ ਹੋਣੀ ਚਾਹੀਦੀ ਹੈ!**

Fully Covered by Your Medical Services Plan

ਆਪਣੀਆਂ ਅੱਖਾਂ ਦਾ ਮੁਆਇਨਾ ਹਮੇਸ਼ਾਂ ਕੁਆਲੀਫਾਈਡ ਡਾਕਟਰ ਤੋਂ ਕਰਵਾਓ।

CONTACT AT: *ABBOTSFORD SEVENOAKS MALL SEARS PARKADE ENTRANCE.*

(ਪਾਰਕਡ ਵਾਲੇ ਪਾਸੇ SEARS ਸਟੋਰ ਦੀ ਐਂਟਰਸ ਦੇ ਖੱਬੇ ਹੱਥ)

SERVICES
• Threading
• Waxing
• Facials
• Massage
• Manicures
• Pedicures
• Artificial Nails (Acrylic & Gel)
• Make-up & Bridal
• Hair Style
• Mehandi Design
• Special Bridal Packages

Pam's Beauty Salon

We care for all your beauty needs!

Call: 604 850-5970

ONLY FOR LADIES

31963 Sunrise Cres., Abbotsford, BC V2T 1N7

Behind Khalsa Credit Union

ਸੇਵਾਵਾਂ
• ਥ੍ਰੈਡਿੰਗ
• ਵੈਕਸਿੰਗ
• ਫੇਸ਼ਿਅਲਜ਼
• ਮਾਲਸ਼
• ਮੈਨੀਕਿਉਰਜ਼
• ਆਰਟੀਫਿਸ਼ਲ ਨੇਲਜ਼ (ਅਕ੍ਰਿਲਿਕ ਫ ਜੈਲ)
• ਮੇਕ-ਅੱਪ ਫ ਬ੍ਰਾਈਡਲ
• ਹੇਅਰ ਸਟਾਈਲ
• ਮਹਿੰਦੀ ਡੀਜ਼ਾਈਨ
• ਸਪੈਸ਼ਲ ਬ੍ਰਾਈਡਲ ਪੈਕੇਜ
• ਅਸੀਂ ਮੇਰੀ ਕੇਅ ਸਕਿੱਨ ਕੇਅਰ ਵੇਚਦੇ ਹਾਂ।

ਬਚਿਆਂ ਦਾ ਭਵਿੱਖ-
ਤੁਹਾਡੇ ਹਥ ਵਿਚ ਹੈ

ਗੋਰਮਿਟ ਗ੍ਰਾਂਟ $400/year ਲਵੋ!!

ਅਜੀਤ ਅਨੰਦ

* ਆਪਣੇ ਬੱਚੇ ਲਈ ਹੈਰੀਟੇਜ ਸਕਾਲਰਸ਼ਿਪ ਪਲਾਨ (H.S.T.P) ਵਿੱਚ $2000 ਸਲਾਨਾ ਜਾਂ $166.66 ਪ੍ਰਤਿ ਮਹੀਨਾ ਰੱਖੋ ਅਤੇ $400.00 ਸਲਾਨਾ ਗੋਰਮਿੰਟ ਗ੍ਰਾਂਟ ਲਵੋ।
* 17 ਸਾਲਾਂ ਵਿਚ - ਤੁਹਾਡੀ ਜਮਾ ਕੀਤੀ ਰਕਮ $39,000 ਲਗ ਭਗ $65,000 $70,000 ਤਕ ਸਕਾਲਰਸ਼ਿਪ ਲੈ ਸਕਦੇ ਅਤੇ $7,200 ਗੋਰਮਿੰਟ ਗਰਾਂਟ ਤੇ ਲਗ ਭਗ $9,000 ਚਿਆਜ ਲੈ ਸਕਦੇ ਹੋ।
* ਜੇ ਬੱਚਾ ਉਚ ਵਿੱਦਿਆ ਲਈ ਨਾ ਵੀ ਜਾਵੇ ਤਾਂ ਆਪਣੀ ਜਮ੍ਹਾਂ ਹੋਈ ਰਕਮ, ਮਾਤਾ ਪਿਤਾ ਗੁੰਜਾਇਸ਼ ਅਨੁਸਾਰ ਆਪਣੀ ਆਰ.ਆਰ. ਐਸ.ਪੀ (R.R.S.P)ਵਿਚ ਬਦਲ ਸਕਦੇ ਹਨ।
* ਹੈਰੀਟੇਜ ਸਕਾਲਰਸ਼ਿਪ ਪਲਾਨ, ਲਾਭ ਰਹਿਤ ਸੰਸਥਾ ਹੈ (Non Profit Foundation) ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰਦੀ ਹੈ।
* ਤੁਸੀਂ ਪਲਾਨ ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਲਈ ਘੱਟੋ ਘੱਟ $9.00 ਪ੍ਰਤਿ ਮਹੀਨਾ ਨਾਲ ਸ਼ੁਰੂ ਕਰ ਸਕਦੇ ਹੋ।

H.S.T.P ਅਤੇ R E.S.P ਬਾਰੇ ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ:

ਅਜੀਤ ਸਿੰਘ ਅਨੰਦ, ਐਬਟਸਫੋਰਡ

Associate Enrolment Director, Heritage Scholarship Trust Plan

Tel: 855-6537 Off: 853-6638

Cell: 807-4978 Fax: 853-6692

Multi-Faith Prayer Service in America Led By Representatives from the Jewish, Sikh, Hindu, Christian, Muslim and Greek-Orthodox Faiths

By Mandeep Wirk

Like many people around the world, I felt compelled to watch the multi-faith memorial service "A Prayer in America" that was televised live from Yankee Stadium in New York City by CNN on Sunday, September 23rd. Oprah Winfrey served as the Mistress of Ceremonies during this very moving two and a half hour prayer service held in memory of the many thousands of innocent people who lost their lives in the terrorist attacks on the United States. Representatives from the Jewish, Sikh, Hindu, Christian, Muslim and Greek-Orthodox faiths led the prayer service. Many dignitaries were present: Rudy Giuliani (Mayor of New York City), George Pataki (Governor of the State of New York), former President Bill Clinton and his wife Senator Hillary Clinton, as well as the Chiefs of the Fire Department, Police Department, Emergency Services amongst many officials. The prayer service was also attended by thousands of Americans from all ethnocultural backgrounds holding American flags and roses. I saw some American-Sikhs with signs that read "Sikhs Love America". Placido Domingo sang the soul stirring "Ave Maria", Marc Anthony sang "America The Beautiful" and Bette Midler sang "Wind Beneath My Wings". Also performing heartfelt songs were the Irish tenor Ronan Tynan and "The Boys and Girls Choir of Harlem". Towards the end of the service, Lee Greenwood sang the patriotic "God Bless The USA" with everyone joining in.

The "Big Apple" (as New York City is affectionately called) is my favorite city. I visited the Great City of New York some years ago and was enchanted by its magnificent skyline. I was in awe of its mighty skyscrapers. I enjoyed visiting its numerous world-class museums and art galleries. I visited the Statue of Liberty on Liberty Island and the historical reception center for immigrants on Ellis Island. I remember standing on top of The Empire State Building and gazing at the breathtaking view of this exciting city all around me. Central Park was beautiful in the springtime with local artists displaying their lovely paintings on the roadside for tourists to admire. I remember looking way up as the double-decker bus passed by the Twin Towers. I found New Yorkers to be friendly people. For me, New York City represents the great ingenuity of humankind built by immigrants and American citizens belonging to many different ethnocultural groups. It was with immense sorrow that I watched the very sad events unfold in the United States on September 11, that most difficult day.

Religious leaders representing the major faiths that make up the very diverse city of New York offered reflections and prayers. Rabbi Marc Gellman of the Jewish faith spoke about a proverb in the Talmud (The Holy Book of the Jewish people) noting that this proverb is also found in the wisdom of the Masai tribe (of Africa), that teaches, "Sticks alone can be broken by a child but sticks in a bundle are unbreakable." Rabbi Gellman elucidated, "The fears and sorrows of the moment are so heavy, they can break us if we try to bear them alone, but if we are bundled together, if we stick together, we are unbreakable. And we shall do far more than merely survive, we shall overcome, we shall overcome the forces of hatred without allowing hatred to unbundle us, we shall overcome the forces of terror without using fear to unbundle us." The Bishop of Brooklyn, The Reverend Thomas Daily spoke poignantly about 'Hope as a Divine Gift' to mankind and said, "Our greatest enemy is Fear, Let us take the Lord at His Word,'Be not afraid, I am with you always.' " The Muslim-American representative denounced those who committed these horrible acts and who "claim" the faith of Islam saying that in fact they were "no believers" of Islam, and that Muslim-Americans stand with their country, The United States of America against terror and oppression. Pandit Roop Sukhram representing the Hindu faith made the astute distinction between "Two kinds of humankind – those who gave their own lives to hurt others and those who sacrificed their own lives to save others" and prayed to God to lead the World from Darkness into Light.

Dr. Inderjit Singh of The Sikh Temple of Richmond Hills in New York spoke passionately on behalf of the Sikh Community. The text of Dr. Inderjit Singh's speech follows: "In the name of God, who is True, who is without fear, who is without enmity, who is Timeless, who is Self-Created. This understanding comes to us from our First Guru and Founder, Guru Nanak. I am here on behalf of the Sikh Community and would like to share with you the pain and suffering that we have seen in the last week. This pain has changed us forever.

cont'd on next page

cont'd from page 14

The people who did this horrible act to America did not know that this country which was conceived in Liberty and which comprises people from all over the world is strong in its diversity, its strong in its sacrifice, and wants to send a message to all those who listen across the seas and all over, that we are strong, we will not be bowed and we are here as a symbol of the best that man has to offer. In the spirit of this greatness and in gratitude to God Almighty, we will pray". (Sikh priest recites a prayer). After the heartfelt prayer, Dr. Inderjit Singh continues with his speech, " Dear God, the world is going up in flames, shower it with your mercy, and save it and deliver it by whatever method it takes. In your mercy, Oh God, you care for all beings and creatures. You provide food and water in abundance; You eliminate pain and poverty and carry all across over all difficulties. The Great Listener will listen to our prayers. Bless The President of the United States, The Governor of the State of New York and The Mayor of the Great City of New York. Dear God take us into your embrace and take away the pain of those who are no longer with us in physical body but they will always be with us in memory, love and comfort. God Bless. Thank you."

Let us all pray for the innocent civilians, firefighters and rescuers who lost their lives and let us also pray and ask God to give their families the strength to bear their enormous loss in this most catastrophic human tragedy. God Bless America, The Land of the Free and the Home of the Brave.

Report On The Old Age Benefits Forum In Their Quest For Equal Treatment



Representatives of Old Age Benefits Forum (OABF) met with the Federal Minister of Health, The Honourable Mr. Allan Rock in Abbotsford during his recent visit to western Canada at a function organized by Perry Sran and Dr. Rupi Khaila with prominent members from Surrey and Abbotsford in attendance. Balwinder Chahal, Secretary of OABF reminded Mr. Allan Rock that a petition was presented to him by Forum representatives Mr. Daljit Rakhra amongst others in Edmonton recently. Mr. Chahal added that "All the Ministers they have met seem to agree that there should not be any distinction for payment of Old Age Security to Canadian Seniors, but steps to rectify the present discriminatory position have not been taken so far, although Hon. Jane Stewart, the Minister of Human Resources agreed that the issues raised by representatives of the Forum are 'quite compassionate and compelling.' "

Mr. Harbans Pawar, Forum President asked the Minister of Health to use his good offices to get the matter resolved at the earliest. Mr. Allan Rock remarked that, "I fully appreciate the fact that there cannot be two classes of citizens one receiving the benefits and others not receiving it" and he asked for details of the meeting by the Forum with the Minister of Finance, The Honourable Mr. Paul Martin. The Minister of Health's attention was drawn to the statement of the Finance Minister that the financial impact of the measure is not huge as to stand in the way of fairness. Mr. Allan Rock further remarked that he is fully committed to the fact of equal treatment of all seniors by saying, " There cannot be two categories of citizens – 'all seniors should be treated equally.' " Mr. Allan Rock, promised to take up the matter with Jane Stewart, Minister of Human Resources and Development.

Harvinder K. Walia (604) 807-1403

Gulsharan S. Walia (604) 501-0444

Joga S. Chahal (604) 443-0355

ਮੋਗੇ ਵਾਲਿਆਂ ਦੀ ਤੁਹਾਡੀ ਆਪਣੀ

Global Insurance Agency

ਗਲੋਬਲ ਇਨਸ਼ੋਰੈਂਸ ਏਜੰਸੀ

• CAR ਕਾਰ
• HOME ਘਰ
• FLEET ਫਲੀਟ
• MEDICAL ਮੈਡੀਕਲ
• FARM ਫਾਰਮ
• TRUCK ਟਰੱਕ
• VAN ਵੈਨ
• BUSINESS ਵਿਉਪਾਰ
• PRORATE ਪਰੋਰੇਟ

*Monthly Payment Plan
*New Home Discount
*Quality Coverage
*Mature Discounts
*Low Rates

Open 7 Days A Week
MON TO FRI 9 AM - 9 PM
SAT & SUN 10 AM - 6 PM

Autoplan 12

ਤੁਹਾਡੀ ਸੇਵਾ ਲਈ ਦਫਤਰ ਹਫਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ।

For Experienced Advice, Best Prices & For All Your Insurance Needs Call:
Ph: (604) 852-8111Fax: (604) 852-4446
Suite 101-2464 Clearbrook Rd., Abbotsford
(In Home Service Free)

Brar Truck Wash

We Clean Semi, Trailers, Houses & Parking Lots, Etc.

• Siding/ਸਾਇਡਿੰਗ
• Sidewalks/ਸਾਈਡਵਾਕ
• Driveways/ਡਰਾਇਵ-ਵੇਅ
• Windows/ਖਿੜਕੀਆਂ
• Window Screens/ਵਿੰਡੋ ਸਕ੍ਰੀਨ
• Gutters/ਗਟਰ
• Fences/ਫੈਂਸ
• Stucco/ਸਟੱਕੋ

FOR FREE ESTIMATES CALL

Cell: 897-1657 or 864-7713

Pager: 870-8220

THIND TRUCKING & EXCAVATING



FOR A FREE ESTIMATE CALL

BRUCE THIND 604-807-1122



- LOT EXCAVATING & SERVICING
- DEMOLITION
- DRAINAGE DITCHES
- TREE CLEARING
- LANDSCAPING
- ALL TYPES OF SAND, GRAVEL AND AGGREGATE
- HOURLY OR CONTRACT RATES

Congratulations!



Tajinder Sidhu (John) and Simritt Shergill tied the knot on Saturday, September 29th, 2001 at the Gurudwara Sahib, Mission Gursikh Society.

Congratulations from friends and family.

ਸੰਖੇਪ ਪਰ ਵਿਸ਼ੇਸ

1. ਸ੍ਰੀ ਨਗਰ ਵਿਧਾਨ ਸਭਾ ਅੱਗੇ ਕਾਰਬੰਬ ਫਟਿਆ 19 ਮਰੇ ਬਹੁਤ ਸਾਰੇ ਜ਼ਖਮੀ ।

2. ਭੂਨਿਆਰੇ ਵਾਲੇ ਬਾਬੇ ਦੇ ਪੰਜਾਬ ਦੇ ਕਈ ਮੰਤਰੀ ਚੇਲੇ ਹਨ ।

3. ਲਾਦੇਨ ਦੇ ਅਤਿਆਂ ਉਤੇ ਛੇਤੀ ਹੀ ਹਮਲੇ ਹੋਣ ਦੀ ਸੰਭਾਵਨਾ ।

4. ਤਾਲਿਬਾਨ ਸਰਕਾਰ ਲੋਕਾਂ ਦੀ ਚੁਣੀ ਹੋਈ ਨੁਮਾਇੰਦਾ ਸਰਕਾਰ ਨਹੀਂ । ਇਸ ਲਈ ਇਸਨੂੰ ਚਲਦਾ ਕੀਤਾ ਜਾਏਗਾ – ਅਮਰੀਕਾ

5. ਉਸਾਮਾ ਬਿਨ ਲਾਦੇਨ ਸਾਡੇ ਪਾਸ ਹੈ – ਤਾਲਿਬਾਨ ਅਮਰੀਕਾ ਦਵਾਲੇ ਕਰਨ ਤੋਂ ਇਨਕਾਰ – ਛੇਤੀ ਹੀ ਜੰਗ ਲਗਣ ਦੇ ਆਸਾਰ ਵਧ ਗਏ ।

6. ਸਾਉਦੀ ਅਰਬ ਨੇ ਅਮਰੀਕਾ ਨੂੰ ਆਪਣੀ ਧਰਤੀ ਫੋਜੀ ਮੰਤਵਾਂ ਲਈ ਵਰਤਣ ਤੋਂ ਕੋਰਾ ਜਵਾਬ ਦਿਤਾ ।

ਐਬਟਸਫੋਰਡ ਵਿਚ ਕੇਵਲ ਤੇ ਕੇਵਲ ਆਪਣੀ ਕਿਸਮ ਦਾ ਨਿਰੋਲ (ਪਿਉਰ) ਵੈਜ਼ੀਟੇਬਲ ਪੀਜ਼ਾ

ਕਿਸ ਕਿਸ ਦਿਸ਼ਾ ਤੋਂ

ਸੁਰਜੀਤ 'ਪਾਤਰ'

ਕਿਸ ਕਿਸ ਦਿਸ਼ਾਂ ਤੋਂ ਸ਼ਾਮ ਨੂੰ ਆਵਾਜਾਂ ਆਉਂਦੀਆਂ
ਬੰਦੇ ਨੂੰ ਬਹਿਬਲ ਕਰਦੀਆਂ ਪਾਗਲ ਬਣਾਉਂਦੀਆਂ।

ਫਾਨੂਸ ਨੇ, ਇਹ ਸ਼ਮਅ ਹੈ, ਅਹੁ ਜੋਤ ਹੈ, ਇਹ ਲਾਟ,
ਤੇ ਦੂਰ ਕਿਧਰੇ ਮਾਵਾਂ ਨੇ ਦੀਵੇ ਜਗਾਉਂਦੀਆਂ।

ਲੂਣਾ ਅਗਨ, ਸੁੰਦਰਾਂ ਨਦੀ ਤੇ ਧਰਤ ਇੱਛਰਾਂ
ਜੋਗੀ ਨੂੰ ਵਾਰ ਵਾਰ ਨੇ ਪੂਰਨ ਬਣਾਉਂਦੀਆਂ।

ਦਰਬਾਰ ਏਧਰ ਯਾਰ ਉਧਰ ਜਾਨ ਆਹੁ ਈਮਾਨ
ਕਈ ਵਾਰ ਜਿੰਦਾਂ ਏਸ ਚੁਰਾਹੇ 'ਤੇ ਆਉਂਦੀਆਂ।

ਬੇਚੈਨੀਆਂ, ਗਮਗੀਨੀਆਂ, ਸੋਚਾਂ ਦੀ ਕੈਦ 'ਚੋਂ
ਸ਼ਾਇਰ ਨੂੰ ਅੰਤ ਉਸਦੀਆਂ ਨਜ਼ਮਾਂ ਛੁਡਾਉਂਦੀਆਂ।

ਪੱਤਿਆਂ ਦੇ ਪੋਰਾਂ 'ਚ ਨਾ ਜੇ ਪਾਜੇਬ ਪਾਉਂਦੀਆਂ
ਪਤਝੜ ਦਾ ਬੋਲ ਕਿਸ ਤਰ੍ਹਾਂ ਪੈਂਟਾ ਉਠਾਉਂਦੀਆਂ।

ਹੁੰਦੇ ਨਾ ਪੱਤੇ ਰੁਖਾਂ ਦੇ ਜੇ ਕਰ ਸੁਰਾਂ ਜਿਹੇ
ਪੈਂਟਾ ਉਦਾਸ ਸਾਜ਼ ਫਿਰ ਕਿਹੜਾ ਵਜਾਉਂਦੀਆਂ।

ਭੁਸ਼ਦਾ ਨਾ ਨੀਲੀ ਝੀਲ ਵਿਚ ਸੂਰਜ ਜੇ ਸੰਦਲੀ
ਤਾਂ ਸ਼ਹਿਰ ਮੇਰੇ ਸ਼ਰਬਤੀ ਸ਼ਾਮਾਂ ਨਾ ਆਉਂਦੀਆਂ।

Stop Press

*ਦੁਨੀਆਂ ਭਰ ਦੀਆਂ ਸਰਕਾਰਾਂ ਨੇ ਅਮਰੀਕਨ ਦੁਖਾਂਤ ਵਿਚ ਅਮਰੀਕਨ ਸਰਕਾਰ ਅਤੇ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਕਾਲਾ ਕਾਰਾ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਹੈ।

*ਰੂਸ, ਚੀਨ, ਭਾਰਤ ਅਤੇ ਪਾਕਿਸਤਾਨ ਸਮੇਤ ਸਾਰੇ ਦੇਸਾਂ ਨੇ ਸ਼ੋਕ ਸੰਦੇਸ਼ ਭੇਜੇ ਹਨ ਅਤੇ ਹਮਦਰਦੀ ਪ੍ਰਗਟ ਕੀਤੀ ਹੈ।

*ਨੈਟੋ ਨੇ ਆਪਣੇ ਵਿਧਾਨ 5ਵੀਂ ਧਾਰਾ ਨੂੰ ਪਿਛਲੇ 50 ਸਾਲ ਤੋਂ ਪਹਿਲੀ ਵਾਰ ਅਮਲ ਵਿਚ ਲਿਆਉਂਦਿਆਂ ਐਲਾਨ ਕੀਤਾ ਹੈ ਕਿ 19 ਦੇਸਾਂ ਵਿਚੋਂ ਕਿਸੇ ਇਕ ਉਤੇ ਹਮਲਾ ਸਾਰੇ ਦੇਸਾਂ ਉਤੇ ਹਮਲਾ ਸਮਝਿਆ ਜਾਵੇਗਾ।

ਕੀ ਪੁਲੀਸ ਅਫਸਰਾਂ ਨੂੰ ਮੁਆਫ਼ ਕੀਤਾ ਜਾ ਸਕਦਾ? – *ਸਤਪਾਲ 'ਡਾਂਗ'*

ਬਹੁਤ ਸਾਰੇ ਪੁਲੀਸ ਅਫ਼ਸਰਾਂ ਅਤੇ ਕਰਮਚਾਰੀਆਂ, ਜਿਹੜੇ ਦਹਿਸ਼ਤਗਰਦੀ ਵਿਰੁੱਧ ਲੜੇ ਜਾਂ ਜਿਨ੍ਹਾਂ ਦਾ ਦਾਅਵਾ ਹੈ ਕਿ ਉਹ ਲੜੇ, ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਆਦਿ ਦੇ ਮੁਕੱਦਮੇ ਚੱਲ ਰਹੇ ਹਨ। ਪੰਜਾਬ ਵਿਚ ਅਮਨ ਬਹਾਲ ਹੋ ਜਾਣ ਦੇ ਛੇਤੀ ਹੀ ਬਾਅਦ ਇਹ ਮੰਗ ਉਠਣ ਲੱਗੀ ਸੀ ਕਿ ਅਜਿਹੇ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਫੌਜਦਾਰੀ ਮੁਕੱਦਮਿਆਂ ਤੋਂ ਕਨੂੰਨੀ ਛੋਟ ਦਿੱਤੀ ਜਾਵੇ। ਇਸ ਦਾ ਕੁਝ ਵਿਰੋਧ ਵੀ ਹੋਇਆ। ਮੰਗ ਦੱਬ ਗਈ। ਰਾਜ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਮੌਕੇ ਇਹ ਮੁੜ ਉਭਰੀ ਹੈ ਅਤੇ ਭਖਦੀ ਮੁੱਦਾ ਬਣ ਗਈ ਹੈ। ਮੇਰੇ ਵਿਚਾਰ ਪਹਿਲਾਂ ਵਰਗੇ ਹੀ ਚਲੇ ਆ ਰਹੇ ਹਨ। ਪਹਿਲਾਂ ਮੈਨੂੰ ਇਸ ਸਮੱਸਿਆ ਦਾ ਪਿਛੋਕੜ ਦੱਸਣ ਦੀ ਆਗਿਆ ਦਿਉ, ਕਿਉਂਕਿ ਇਸ ਨਾਲ ਮੇਰੇ ਦ੍ਰਿਸ਼ਟੀਕੋਣ ਨੂੰ ਠੀਕ ਢੰਗ ਨਾਲ ਸਮਝਣ ਵਿਚ ਮਦਦ ਮਿਲੇਗੀ।

ਦਹਿਸ਼ਤਗਰਦੀ ਇਕ ਸਧਾਰਨ ਕਿਸਮ ਦਾ ਜੁਰਮ ਨਹੀਂ। ਅਜਿਹਾ ਓਨਾ ਚਿਰ ਹੋ ਹੀ ਨਹੀਂ ਸਕਦਾ ਜਿੰਨਾ ਚਿਰ ਲੋਕਾਂ ਦੇ ਹਿੱਸੇ ਦਾ ਇਸ ਨੂੰ ਕੁਝ ਹਕੀਕੀ ਜਾਂ ਖਿਆਲੀ ਸ਼ਿਕਾਇਤਾਂ ਕਾਰਨ ਸਮੱਰਥਨ ਪ੍ਰਾਪਤ ਨਾ ਹੋਵੇ। ਇਸ ਦੇ ਖਿਲਾਫ਼ ਪ੍ਰਭਾਵਸ਼ਾਲੀ ਲੜਾਈ ਓਨਾ ਚਿਰ ਜੀਤੀ ਹੀ ਨਹੀਂ ਜਾ ਸਕਦੀ ਜਿੰਨਾ ਚਿਰ ਇਹ ਦੋ ਮੁਹਾਜ਼ਾਂ ਉਪਰ; (2) ਰਾਜਨੀਤਕ ਮੁਹਾਜ਼ ਉਪਰ: ਮੁਨਾਸਬ ਅਤੇ ਢੁਕਵੇਂ ਰੂਪਾਂ ਵਿਚ ਲੋਕਾਂ ਦੀਆਂ ਜਾਇਜ਼ ਸ਼ਿਕਾਇਤਾਂ ਦੂਰ ਕਰਨ ਲਈ ਮੁਹਿੰਮ ਅਤੇ ਖਿਆਲੀ ਸ਼ਿਕਾਇਤਾਂ ਬਾਰੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣ ਲਈ ਕਿ ਇਹ ਗਲਤ ਹਨ।

ਕਾਨੂੰਨ ਅਤੇ ਵਿਵਸਥਾ ਦੇ ਮੁਹਾਜ਼ ਉਪਰ ਲੜਾਈ ਦੌਰਾਨ, ਜਿਸ ਦੀ ਜ਼ਿੰਮੇਵਾਰੀ ਪੁਲਸ ਉਪਰ ਹੁੰਦੀ ਹੈ, ਮਨੁੱਖੀ ਅਧਿਕਾਰਾਂ ਦੀ ਕੁਝ ਉਲੰਘਣਾ ਤਾਂ ਹੋ ਹੀ ਜਾਂਦੀ ਹੈ। ਇਸ ਫੋਰਸ ਵਿਚਲੇ ਬਹੁਤ ਵਧੀਆ ਤੱਤ ਵੀ ਇਸ ਤੋਂ ਬੱਚ ਨਹੀਂ ਸਕਦੇ। ਜਿੰਨੀ ਦੇਰ ਇਹ ਉਲੰਘਣਾਵਾਂ ਜਾਣ ਬੁੱਝ ਕੇ ਨਾ ਕੀਤੀਆਂ ਗਈਆਂ ਹੋਣ, ਅਤੇ ਇਹ ਕੁਝ ਅਸੰਬੰਧਤ ਕਾਰਨਾਂ ਕਰ ਕੇ ਨਾ ਕੀਤੀਆਂ ਗਈਆਂ ਹੋਣ, 'ਗੁਨਾਹਗਾਰ ਕਰਮਚਾਰੀਆਂ' ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ, ਪੂੰਜੂ ਇਸ ਦਾ ਸ਼ਿਕਾਰ ਵਿਅਕਤੀਆਂ ਨੂੰ ਮੁਨਾਸਬ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਪੰਜਾਬ ਅੰਦਰ ਦਹਿਸ਼ਤਗਰਦੀ ਦੇ ਪੈਦਾ ਹੋਣ ਦੇ ਅੰਦਰੂਨੀ ਤੱਥਾਂ ਵਿੱਚੋਂ ਇਕ ਤੱਥ ਜ਼ਿੰਮੇਵਾਰ ਸੀ ਗੈਰ-ਖੱਬੀਆਂ ਪਾਰਟੀਆਂ, ਖਾਸ ਕਰ ਅਕਾਲੀ ਪਾਰਟੀ ਅਤੇ ਕਾਂਗਰਸ ਦੀ ਵੋਟ ਅਧਾਰਤ ਰਾਜਨੀਤੀ। ਪੰਜਾਬ ਅੰਦਰ ਸੱਤਾ ਦੇ ਇਹਨਾਂ ਦੋਵਾਂ ਦਾਅਵੇਦਾਰਾਂ ਨੇ ਆਪਣਾ ਵੋਟ ਅਧਾਰ ਵਧਾਉਣ ਲਈ ਦਹਿਸ਼ਤਗਰਦੀ ਨੂੰ 'ਵਰਤਣ' ਦੇ ਬਦਤਰੀਨਜਤਨ ਕੀਤੇ। ਇੱਕ ਪੁਲਸ ਅਫਸਰ ਨੇ ਇੱਕ ਵਾਰੀ ਕਿਹਾ ਸੀ, "ਸਾਡੇ ਹੱਥ ਬੰਨੇ ਹੋਏ ਹਨ। ਸੱਤਾ ਦੇ ਸਵਾਮੀਆਂ ਸਣੇ ਹਰ ਕੋਈ ਭਿੰਡਰਾਂਵਾਲੇ ਦਾ ਪੱਤਾ ਖੇਡਣਾ ਚਾਹੁੰਦਾ ਹੈ।" ਹਰ ਕੋਈ ਭਿੰਡਰਾਂਵਾਲੇ ਜਾਂ ਕੁਝ ਦਹਿਸ਼ਤਗਰਦ ਟੋਲਿਆਂ ਜਾਂ ਦੂਜਿਆਂ ਨੂੰ ਆਪਣੇ ਸਵਾਰਥੀ ਮਨੋਰਥਾਂ ਲਈ ਵਰਤਣਾ ਚਾਹੁੰਦਾ ਸੀ। ਕਾਂਗਰਸੀ ਲੀਡਰਾਂ ਅਤੇ ਅਕਾਲੀ ਪਾਰਟੀ ਦਾ ਇਹੋ ਵਤੀਰਾ ਸੀ ਜਿਸ ਦਾ ਦਹਿਸ਼ਤਗਰਦਾਂ ਨੇ ਵੱਧ ਤੋਂ ਵੱਧ ਲਾਭ ਉਠਾਇਆ ਅਤੇ ਇਸ ਨਾਲ ਪੰਜਾਬ ਅੰਦਰ ਦਹਿਸ਼ਤਗਰਦੀ ਤੇਜ਼ੀ ਨਾਲ ਵਧੀ।

ਦਹਿਸ਼ਤਗਰਦੀ ਨੂੰ ਠੱਲ੍ਹ ਪਾਉਣ ਲਈ ਸਧਾਰਨ ਜੁਰਮਾਂ ਨਾਲ ਨਜਿੱਠਣ ਲਈ ਬਣੇ ਕਾਨੂੰਨਾਂ ਤੋਂ ਛੁੱਟ ਕੁਝ ਵੱਖਰੀ ਕਿਸਮ ਦੇ ਕਨੂੰਨਾਂ ਦੀ ਵੀ ਲੋੜ ਹੁੰਦੀ ਹੈ। ਕੁਝ ਪੁਲੀਸ ਅਫਸਰਾਂ ਨੇ ਪੰਜਾਬ ਸਰਕਾਰ ਨੂੰ ਇਹ ਸੁਝਾਅ ਦਿੱਤਾ ਸੀ ਕਿ ਇੱਕ ਅਜਿਹਾ ਕਨੂੰਨ ਬਣਾਇਆ ਜਾਵੇ ਜਿਸ ਅਧੀਨ ਅਜਿਹੇ ਹਥਿਆਰ ਰੱਖਣ ਦੇ ਦੋਸ਼ ਤਹਿਤ, ਜਿਹੜੇ ਭਾਰਤ ਵਿਚ ਨਾ ਬਣੇ ਹੋਣ, ਉਮਰ ਕੈਦ ਦੀ ਸਜ਼ਾ ਦਿਤੀ ਜਾ ਸਕੇ। ਦਹਿਸ਼ਤਗਰਦੀ ਵਿਰੁੱਧ ਲੜ ਰਹੇ ਕੁਝ ਅਵਾਮੀ ਲੋਕਾਂ ਨੇ ਸਰਕਾਰ ਨੂੰ ਕਿਹਾ ਸੀ, "ਤੁਸੀਂ ਪਹਿਲੇ ਦਰਜੇ ਅਤੇ ਦੂਜੇ ਦਰਜੇ ਦੇ ਦਹਿਸ਼ਤਗਰਦਾਂ ਦੀ ਇੱਕ ਸੂਚੀ ਪ੍ਰਕਾਸ਼ਤ ਕਰੋ। ਇੱਕ ਕਨੂੰਨ ਬਣਾਇਆ ਜਾਵੇ ਜਿਸ ਅਧੀਨ ਸੂਚੀਦਰਜ ਦਹਿਸ਼ਤਗਰਦਾਂ ਨੂੰ ਇੱਕ ਨਿਸ਼ਚਿਤ ਸਮੇਂ ਦੌਰਾਨ ਆਤਮ-ਸਮਰਪਣ ਕਰਨ ਲਈ ਕਿਹਾ ਜਾਵੇ। ਅਤੇ ਜੇ ਉਹ ਆਤਮ-ਸਮੱਰਪਣ ਨਾ ਕਰਨ, ਇਨ੍ਹਾਂ ਦਹਿਸ਼ਤਗਰਦਾਂ ਵਿਚੋਂ ਕਿਸੇ ਨੂੰ ਵੀ, ਜ਼ਿੰਦਾ ਜਾਂ ਮੁਰਦਾ, ਕਾਬੂ ਕਰਨ ਵਾਲੇ ਵਿਅਕਤੀ ਨੂੰ ਇਨਾਮ ਦਿੱਤਾ ਜਾਵੇ। ਕੁਝ ਲੋਕਾਂ ਵੱਲੋਂ ਇੱਕ ਹੋਰ ਤਜਵੀਜ਼ ਇਹ ਦਿੱਤੀ ਗਈ ਸੀ ਕਿ ਗ੍ਰਿਫਤਾਰ ਦਹਿਸ਼ਤਗਰਦਾਂ ਦੀ ਸਨਸਨੀ ਸਮਾਪਤ ਹੀ ਹੋਵੇ ਅਤੇ ਹੋਵੇ ਵੀ ਪੰਜਾਬ ਤੋਂ ਬਾਹਰ। ਸਰਕਾਰ ਨੇ ਅਜਿਹੇ ਸੁਝਾਵਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ।

ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਵੀ, ਸ਼ਾਇਦ ਜ਼ਮੀਨੀ ਹਕੀਕਤਾਂ ਦੀ ਘੋਰ ਅਗਿਆਨਤਾ ਕਾਰਨ, ਪੰਜਾਬ ਅੰਦਰ ਦਹਿਸ਼ਤਗਰਦੀ ਦੇ ਵਾਧੇ ਵਿਚ ਕਾਫੀ ਯੋਗਦਾਨ ਪਾਇਆ ਸੀ। ਉਨ੍ਹਾਂ ਇਹ ਐਲਾਨ ਕਰ ਮਾਰਿਆ ਸੀ ਕਿ ਉਹ ਪੰਜਾਬ ਦੀ ਸਮੱਸਿਆ ਨੂੰ ਸ੍ਰ: ਸਿਮਰਨਜੀਤ ਸਿੰਘ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਹੱਲ ਕਰ ਦੇਣਗੇ। ਇਸ ਤੋਂ ਬਾਅਦ ਸ੍ਰ: ਮਾਨ ਸਾਰੇ ਪੰਜਾਬ ਅੰਦਰ ਘੁੰਮਦੇ ਹੋਏ ਇਹ ਐਲਾਨ ਕਰਦੇ ਰਹੇ ਕਿ ਉਹ 'ਮੁੰਡਿਆਂ' ਜਾਂ ਉਨ੍ਹਾਂ ਦੇ ਨਿਕਟਤਮ ਰਿਸ਼ਤੇਦਾਰਾਂ ਨੂੰ ਪੈਨਸ਼ਨਾਂ ਲਗਾ ਦੇਣਗੇ। ਇਸ ਤੋਂ ਬਾਅਦ ਵੱਧ ਤੋਂ ਵੱਧ ਨੌਜਵਾਨ ਦਹਿਸ਼ਤਗਰਦਾਂ ਦੀਆਂ ਸਫਾਂ ਵਿੱਚ ਸ਼ਾਮਲ ਹੋ ਗਏ।

ਇੱਥੋਂ ਤੱਕ ਕਿ ਸਰਵੁੱਚ ਪੁਲਸੀਆ ਕੇ.ਪੀ.ਐਸ.ਗਿੱਲ ਵੀ ਆਪਣੇ ਡੀ.ਜੇ.ਪੀ. ਦੇ ਪਹਿਲੇ ਕਾਰਜਕਾਲ ਦੌਰਾਨ ਅਸਫਲ ਸਿੱਧ ਹੋਇਆ, ਕਿਉਂਕਿ ਰਾਜਨੀਤਕ ਪ੍ਰਭੂਆਂ ਦੀ ਨੀਤੀ ਇਹ ਸੀ ਕਿ ਦਹਿਸ਼ਤਗਰਦਾਂ ਜਾਂ ਉਨ੍ਹਾਂ ਦੇ ਕੁਝ ਗਰੋਹਾਂ ਨਾਲ ਕੋਈ ਸਮਝੌਤਾ ਕਰ ਲਿਆ ਜਾਵੇ। ਅਤੇ ਬਹੁਤੇ ਅਕਾਲੀ ਨੇਤਾਵਾਂ ਦਾ ਇਹ ਵਿਸ਼ਵਾਸ ਸੀ ਕਿ ਉਹ ਦਹਿਸ਼ਤਗਰਦੀ ਦੀ ਲਾਠੀ ਨਾਲ ਕਾਂਗਰਸ ਨੂੰ ਕੁੱਟਣ ਰਾਹੀਂ ਭਾਰਤ ਸਰਕਾਰ ਕੋਲੋਂ ਚੰਗੇਰੀਆਂ ਸ਼ਰਤਾਂ ਮੰਨਵਾ ਸਕਣਗੇ।

ਇਹ ਸੀ ਉਹ ਪਿਛੋਕੜ ਜਿਸ ਵਿਚ ਲੰਮੇ ਰਾਸ਼ਟਰਪਤੀ ਰਾਜ ਤੋਂ ਬਾਅਦ ਸ੍ਰ: ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤ੍ਰੀ ਬਣੇ। ਉਹ ਭਾਰਤ ਸਰਕਾਰ ਦੀ ਨੀਤੀ ਵਿਚ ਤਬਦੀਲੀ ਲਿਆਉਣ ਵਿਚ ਕਾਮਯਾਬ ਰਹੇ, ਜਿਸ ਨੇ ਉਨ੍ਹਾਂ ਨੂੰ ਦਹਿਸ਼ਤਗਰਦਾਂ ਵਿਰੁੱਧ ਇਕ ਸਰਬ-ਪੱਖੀ ਲੜਾਈ ਵਿੱਢਣ ਦੀ ਆਗਿਆ ਦੇ ਦਿੱਤੀ ਜਿਨ੍ਹਾਂ ਬਾਰੇ ਕਿ ਸ੍ਰ: ਬੇਅੰਤ ਸਿੰਘ ਕੋਈ ਹਮਦਰਦੀ ਨਹੀਂ ਸਨ ਰੱਖਦੇ। ਦਹਿਸ਼ਤਗਰਦੀ ਇੱਕ ਅਜਿਹੇ ਪੜਾਅ ਉਤੇ ਪਹੁੰਚ ਚੁੱਕੀ ਸੀ ਜਿਸ ਨਾਲ ਪੁਲਸ ਅਤੇ ਸੁਰੱਖਿਆ ਬਲਾਂ ਨੂੰ ਕੁਝ ਅਣਸੰਵਿਧਾਨਕ ਸ਼ਕਤੀਆਂ ਦਿੱਤੀਆਂ ਬਿਨਾਂ ਸਿੱਝਿਆ ਨਹੀਂ ਸੀ ਜਾ ਸਕਦਾ। ਬੇਅੰਤ ਸਿੰਘ ਵੀ ਅਤੇ ਭਾਰਤ ਸਰਕਾਰ ਵੀ ਹੁਣ ਅਜਿਹਾ ਕਰਨ ਲਈ ਤਿਆਰ ਸੀ। ਬੇਅੰਤ ਸਿੰਘ ਦੀ ਕਮਜ਼ੋਰੀ ਉਸ ਦਾ ਗਲਤ ਵਿਸ਼ਵਾਸ ਸੀ ਕਿ ਸਮੱਸਿਆ ਕੇਵਲ ਕਨੂੰਨ ਅਤੇ ਵਿਵਸਥਾ ਦੀ ਹੀ ਹੈ। ਲੜਾਈ ਦੀ ਅਗਵਾਈ ਕੇ.ਪੀ.ਐਸ. ਗਿੱਲ ਦੇ ਹੱਥ ਸੀ। ਉਸ ਨੇ ਮੰਗ ਕੀਤੀ ਅਤੇ ਉਸ ਨੂੰ ਦੇ ਦਿੱਤੀਆਂ ਗਈਆਂ ਪੂਰੀਆਂ ਸ਼ਕਤੀਆਂ ਅਤੇ ਉਹ ਵੀ ਇੱਥੋਂ ਤਕ ਕਿ ਬੇਅੰਤ ਸਿੰਘ ਇੱਕ ਬਾਣੇਦਾਰ ਤੱਕ ਨੂੰ ਵੀ ਤਬਦੀਲ ਨਹੀਂ ਸੀ ਕਰ ਸਕਦਾ। ਕੇ.ਪੀ.ਐਸ. ਗਿੱਲ ਨੇ ਰਿਬੇਰੋ ਵੱਲੋਂ ਪੰਜਾਬ ਪੁਲੀਸ ਨੂੰ ਉਤਸ਼ਾਹਤ ਕਰਨ ਅਤੇ ਪੰਜਾਬ ਪੁਲਸ ਅਤੇ ਭਾਰਤ ਸਰਕਾਰ ਦੇ ਸੁਰੱਖਿਆ ਬਲਾਂ ਦਰਮਿਆਨ ਤਾਲਮੇਲ ਪੈਦਾ ਕਰਨ ਦੀ ਸ਼ੁਰੂ ਕੀਤੀ ਗਈ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੇ ਮਾਮਲੇ ਵਿਚ ਵਧੀਆ ਕੰਮ ਕੀਤਾ।

ਇੱਕ ਪੰਜਾਬੀ ਸਿੱਖ ਹੋਣ ਅਤੇ ਆਪਣੀ ਮੁਹਾਰਤ ਅਤੇ ਮਿਲੀ ਪੂਰੀ ਰਾਜਨੀਤਕ ਹਮਾਇਤ ਕਾਰਨ ਉਹ ਹੁਣ ਦਹਿਸ਼ਤਗਰਦੀ ਨੂੰ ਸ਼ਿਕਸਤ ਦੇਣ ਲਈ ਚੰਗੀ ਸਥਿਤੀ

Cont'd on Page 18

The Medicine Shoppe®

The Pharmacy That's All About Your Health℠

604 854-5800

THE PHARMACY THAT'S ALL ABOUT YOUR HEALTH

ਤੁਹਾਡੀ ਸਿਹਤ ਦੀ ਰੱਖਿਆ ਕਰਨ ਵਾਲੀ ਫਾਰਮੇਸੀ

Guaranteed Customer Benefits Incl.

- Service in Punjabi
- Low Prices
- Free Delivery
- 15 Min. Service
- Free Health Care Screenings
- Senior, Group, Pre-Schooler Discounts
- Free Medication Counselling
- Free Videos & Brochures
- We Accept all Insurance Plans

Guaranteed Customer Benefits Incl.

- ਪੰਜਾਬੀ ਵਿਚ ਸੇਵਾ
- ਘਟ ਕੀਮਤਾਂ
- ਫਰੀ ਡਿਲਿਵਰੀ
- 15-ਮਿੰਟ ਸਰਵਿਸ
- ਹੈਲਥ ਕੇਅਰ ਸਕਰੀਨਿੰਗ ਫਰੀ
- ਸੀਨਿਅਰ, ਗਰੁੱਪ, ਪ੍ਰੀ-ਸਕੂਲਰ ਡਿਸਕਾਊਂਟ
- ਮੈਡੀਕੇਸ਼ਨ ਮਸ਼ਵਰਾ ਮੁਫਤ
- ਵੀਡੀਓ ਅਤੇ ਕਿਤਾਬਚੇ ਮੁਫਤ
- ਅਸੀਂ ਹਰ ਕਿਸਮ ਦੇ ਇਨਸ਼ੁਰੈਂਸ ਪਲਾਨ ਤਪਰਵਾਨ ਕਰਦੇ ਹਾਂ

604 854-5800

#9-31205 Old Yale Rd. Abbotsford

Mon.- Fri. 9:30 am - 6:30 pm • Sat. 10:00 am - 5:30 pm

ਕਲੀਅਰਬਰੁੱਕ ਲਾਇਬ੍ਰੇਰੀ ਵਿਖੇ ਅਕਤੂਬਰ ਮਹੀਨੇ ਦੇ ਪੰਜਾਬੀ ਕੰਪਿਊਟਰ ਸ਼ੈਸ਼ਨ

ਅਕਤੂਬਰ ਮਹੀਨੇ ਵਿਚ ਦੋਨੋ ਸ਼ੈਸਨ "ਇੰਟਰਨੈਟ ਦੀ ਮੁੱਢਲੀ ਜਾਣਕਾਰੀ" ਬਾਰੇ ਹੋਣਗੇ। 13 ਅਕਤੂਬਰ ਦਿਨ ਸ਼ਨੀਚਰਵਾਰ 2:00 ਤੋਂ 3:00 ਵਜੇ ਤੱਕ "ਇੰਟਰਨੈਟ ਦੀ ਮੁੱਢਲੀ ਜਾਣਗਾਰੀ " ਬਾਰੇ ਸ਼ੈਸ਼ਨ ਲੋੜ ਮੁਤਾਬਿਕ ਅੰਗਰੇਜੀ ਅਤੇ ਪੰਜਾਬੀ ਦੋਨਾਂ ਭਾਸਾਵਾਂ ਵਿਚ ਹੋਵੇਗਾ। ਪਰ 27 ਅਕਤੂਬਰ ਦਿਨ ਸ਼ਨੀਚਰਵਾਰ 2:00 ਤੋਂ 3:00 ਵਜੇ ਤੱਕ "ਇੰਟਰਨੈਟ ਦੀ ਮੁਢਲੀ ਜਾਣਕਾਰੀ" ਬਾਰੇ ਸ਼ੈਸ਼ਨ ਸਿਰਫ ਪੰਜਾਬੀ ਵਿਚ ਹੋਵੇਗਾ।

13 ਅਕਤੂਬਰ ਦਿਨ ਸ਼ਨੀਚਰਵਾਰ 2:00 ਤੋਂ 3:00 ਵਜੇ ਤੱਕ "ਇੰਟਰਨੈਟ ਦੀ ਮੁੱਢਲੀ ਜਾਣਕਾਰੀ" ਬਾਰੇ ਸ਼ੈਸ਼ਨ ਹੋਵੇਗਾ। ਇਹ ਸ਼ੈਸ਼ਨ ਲੋੜ ਮੁਤਾਬਿਕ ਅੰਗਰੇਜੀ ਅਤੇ ਪੰਜਾਬੀ ਦੋਨਾਂ ਭਾਸ਼ਾਵਾਂ ਵਿਚ ਹੋਵੇਗਾ। ਇਹ ਸ਼ੈਸ਼ਨ ਉਨ੍ਹਾਂ ਵਿਅਕਤੀਆਂ ਲਈ ਲਾਭਦਾਇਕ ਹੋਵੇਗਾ ਜਿਨ੍ਹਾਂ ਵਿਅਕਤੀਆਂ ਨੂੰ ਇੰਟਰਨੈਟ ਦੀ ਥੋੜੀ ਜਾਂ ਬਿਲਕੁਲ ਜਾਣਕਾਰੀ ਨਹੀਂ ਹੈ। ਇਸ ਸ਼ੈਸ਼ਨ ਵਿਚ ਮੁੱਢਲੀ ਤੌਰ ਤੇ ਇੰਟਰਨੈਟ ਵਰਤਣਾ ਸਖਾਇਆ ਜਾਵੇਗਾ ਅਤੇ ਇੰਟਰਨੈਟ ਐਡਰਸ, ਵਿਸ਼ਾ ਡਾਇਰੈਕਟਰੀਆਂ ਅਤੇ ਖੋਜ (ਸਰਚ) ਇੰਜਣ ਦੀਂ ਵਰਤੋਂ ਕਰਕੇ ਚੀਜ਼ਾਂ ਲੱਭਣੀਆਂ ਸਖਾਈਆਂ ਜਾਣਗੀਆਂ।

27 ਅਕਤੂਬਰ ਦਿਨ ਸ਼ਨੀਚਰਵਾਰ 2:00 ਤੋਂ 3:00 ਵਜੇ ਤੱਕ "ਇੰਟਰਨੈਟ ਦੀ ਮੁੱਢਲੀ ਜਾਣਕਾਰੀ" ਬਾਰੇ ਸ਼ੈਸ਼ਨ ਸਿਰਫ ਪੰਜਾਬੀ ਵਿਚ ਹੋਵੇਗਾ। ਇਹ ਸ਼ੈਸ਼ਨ ਉਨ੍ਹਾਂ ਵਿਅਕਤੀਆਂ ਲਈ ਲਾਭਦਾਇਕ ਹੋਵੇਗਾ ਜਿਨ੍ਹਾਂ ਵਿਅਕਤੀਆਂ ਨੂੰ ਇੰਟਰਨੈਟ ਦੀ ਥੋੜੀ ਜਾਂ ਬਿਲਕੁਲ ਜਾਣਕਾਰੀ ਨਹੀਂ ਹੈ। ਇਸ ਸ਼ੈਸ਼ਨ ਵਿਚ ਮੁੱਢਲੀ ਤੌਰ ਤੇ ਇੰਟਰਨੈਟ ਵਰਤਣਾ ਸਿਖਾਇਆ ਜਾਵੇਗਾ ਅਤੇ ਇੰਟਰਨੈਟ ਐਡਰਸ, ਵਿਸ਼ਾ ਡਾਇਰੈਕਟਰੀਆਂ ਵਤੇ ਖੋਜ (ਸਰਚ) ਇੰਜਣ ਦੀ ਵਰਤੋਂ ਕਰਕੇ ਚੀਜਾਂ ਲੱਭਣੀਆਂ ਸਿਖਾਈਆਂ ਜਾਣਗੀਆਂ।

ਇੰਨ੍ਹਾਂ ਕਲਾਸਾਂ ਲਈ ਰਜਿਸਟਰ ਕਰਾਉਣਾ ਜ਼ਰੂਰੀ ਹੈ। ਰਜਿਸਟਰਰੇਸ਼ਨ ਲਈ ਕਲੀਅਰਬਰੁੱਕ ਲਾਇਬ੍ਰੇਰੀ ਵਿਚ ਅਓ ਜਾਂ ਫਿਰ 859-7814 ਤੇ ਫੋਨ ਕਰੋ। ਪੰਜਾਬੀ ਵਿਚ ਗੱਲਬਾਤ ਤੇ ਰਜਿਸਟਰ ਕਰਾਉਣ ਲਈ ਬਲਵੀਰ ਸਿੰਘ ਗਿੱਲ ਨੂੰ 859-7814 ਅਤੇ ਲੋਕਲ 35 ਤੇ ਫੋਨ ਕਰੋ।

ਸਾਰੇ ਬਜ਼ੁਰਗਾਂ ਲਈ ਇਕੋ ਜਿਹਾ ਵਰਤਾ ਕਰੋ

ਵੈਨਕੋਵਰ ਸਤੰਬਰ 24:- ਗੈਰ ਸ਼ਹਿਰੀਆਂ ਨੂੰ ਓਲਡ ਏਜ਼ ਸਿਕਿਓਰਿਟੀ ਪਰ ਸ਼ਹਿਰੀ ਇਸ ਤੋਂ ਵਾਂਝੇ ਕਿਉਂ? ਓਲਡ ਏਜ਼ ਬੈਨਿਫਿਟ ਫੋਰਮ ਦੇ ਵਫਦ ਨੇ ਮਾਨਯੋਗ ਸ੍ਰੀ ਐਲਨ ਰਾਕ ਫੈਡਰਲ ਸਿਹਤ ਮੰਤਰੀ ਨਾਲ ਉਨ੍ਹਾਂ ਦੀ ਪੱਛਮੀ ਕੈਨੇਡਾ ਦੀ ਫੇਰੀ ਸਮੇਂ ਐਬਸਫੋਰਡ ਵਿਖੇ ਮੁਲਾਕਾਤ ਕੀਤੀ। ਸ੍ਰੀ ਪੈਰੀ ਸਰਾਂ ਤੇ ਡਾਕਟਰ ਰੂਪੀ ਖੇਲਾ ਵਲੋਂ ਆਯੋਜਤ ਸਮਾਗਮ ਵਿਚ ਸਰੀ ਤੇ ਐਬਸਫਰਡ ਦੇ ਪਤਵੰਤੇ ਸਜਣਾ ਨੇ ਹਿਸਾ ਲਿਆ। ਇਸ ਸਮਾਗਮ ਵਿਚ ਬੋਲਦਿਆਂ ਸ. ਬਲਵਿੰਦਰ ਸਿੰਘ ਚਾਹਲ ਸਕੱਤਰ ਫੋਰਮ ਨੇ ਸ੍ਰੀ ਐਲਨ ਰਾਕ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦ ਦਿਵਾਇਆਂ ਕਿ ਉਨ੍ਹਾਂ ਦੇ ਐਡਮਿੰਟਨ ਦੌਰੇ ਸਮੇਂ ਸ. ਦਿਲਜੀਤ ਸਿੰਘ ਰੱਖੜਾ ਤੇ ਫੋਰਮ ਦੇ ਮੈਂਬਰਾਂ ਵੱਲੋਂ ਪਟੀਸ਼ਨ ਦਿਤੀ ਸੀ। ਸ੍ਰੀ ਚਾਹਲ ਨੇ ਅਗੇ ਬੋਲਦਿਆਂ ਕਿਹਾ ਕਿ ਅਜ ਤਕ ਉਨ੍ਹਾਂ ਦਾ ਵਫਦ ਜਿੰਨੇ ਭੀ ਮੰਤਰੀ ਸਾਹਿਬਾਨ ਨੂੰ ਮਿਲਿਆ ਹੈ ਸਾਰੇ ਹੀ ਇਹ ਮੰਨਦੇ ਹਨ ਕਿ ਓਲਡ ਏਜ ਸਿਕਿਓਰਟੀ ਮਿਲਣ ਵਿਚ ਸਾਰੇ ਬਜ਼ੁਰਗ ਵਰਗ ਲਈ ਦੋ ਮਾਪ ਦੰਡ ਨਹੀਂ ਹੋਣੇ ਚਾਹੀਦੇ ਪਰ ਇਸ ਖਾਮੀ ਨੂੰ ਦੂਰ ਕਰਨ ਲਈ ਢੁਕਵੇਂ ਕਦਮ ਨਹੀਂ ਚੁਕੇ ਗਏ। ਸ੍ਰੀ ਚਾਹਲ ਵਲੋਂ ਅਮਰਕਿਆ ਵਿਚ ਦਹਿਸ਼ਤ ਗਰਦਾਂ ਵਲੋਂ ਨਿੱਹਥੇ ਸ਼ਹਿਰੀਆਂ ਤੇ ਕੀਤੇ ਵਹਿਸ਼ਿਆਨਾ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ। ਸ. ਹਰਬੰਸ ਸਿੰਘ ਪਵਾਰ ਫੋਰਮ ਪ੍ਰਧਾਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਜੀ ਨੂੰ ਬੇਨਤੀ ਕੀਤੀ ਕਿ ਉਹ ਓਲਡ ਏਜ ਸਿਕਿਉਰਿਟੀ ਦੇ ਵਿਤਕਰੇ ਨੂੰ ਸੁਲਝਾਉਣ ਲਈ ਆਪਣੇ ਰਸੂਖ ਦੀ ਵਰਤੋਂ ਕਰਨ। ਇਸ ਉਪ੍ਰੰਤ ਫੋਰਮ ਦੇ ਵਫਦ ਵਲੋਂ ਮੰਤਰੀ ਜੀ ਨੂੰ ਪਟੀਸ਼ਨ ਭੀ ਸੌਂਪੀ ਗਈ।

ਸ੍ਰੀ ਐਲਨ ਰਾਕ ਨੇ ਟਿਪਣੀ ਕਰਦਿਆਂ ਕਿਹਾ ਕਿ, "ਮੈਂ ਇਸ ਗਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਬਜ਼ੁਰਗ ਸ਼ਹਿਰੀਆਂ ਦੀਆਂ ਦੋ ਸ਼੍ਰੇਣੀਆਂ ਨਹੀਂ ਹੋ ਸਕਦੀਆਂ ਕਿ ਇਕ ਜਮਾਤ ਨੂੰ ਲਾਭ ਮਿਲੇ ਤੇ ਦੂਜੀ ਇਸ ਤੋਂ ਵਾਂਝੀ ਰਹੇ।"

ਸ੍ਰੀ ਰਾਕ ਵਲੋਂ ਫੋਰਮ ਦੇ ਵਫਦ ਦੀ ਵਿਤ ਮੰਤਰੀ ਨਾਲ ਮੁਲਾਕਾਤ ਦੇ ਵੇਰਵੇ ਪੁਛਣ ਤੇ ਉਨ੍ਹਾਂ ਦਾ ਧਿਆਨ ਵਿੱਤ ਮੰਤਰੀ ਜੀ ਦੇ ਬਿਆਨ ਵਲ ਦਿਵਾਇਆ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਉਹ ਬਜ਼ੁਰਗ ਸ਼ਹਿਰੀਆਂ ਨੂੰ ਬਰਾਬਰਤਾ ਦਾ ਹਕ ਦਿਵਾਉਣ ਲਈ ਵਚਨਬਧ ਹਨ। ਵਫਦ ਵਲੋਂ ਪੇਸ਼ ਕੀਤੇ ਪੁਰਜੋਰ ਕੇਸ ਤੇ ਸ੍ਰੀ ਐਲਨ ਰਾਕ ਨੇ ਵਾਇਦਾ ਕੀਤਾ ਕਿ ਉਹ ਇਸ ਕੇਸ ਬਾਰੇ ਜੇਨ ਸਟੀਵਰਟ ਜਿਉਮਨ ਰਿਸੋਰਸ ਮਨਿਸਟਰ ਨਾਲ ਵਿਸ਼ੇ ਤੇ ਗਲ ਕਰਨਗੇ। ਉਨ੍ਹਾਂ ਸਪਸ਼ਟ ਕੀਤਾ ਕਿ ਸ਼ਹਿਰੀਆਂ ਦੀਆਂ ਦੋ ਸ਼੍ਰੇਣੀਆਂ ਨਹੀਂ ਹੋ ਸਕਦੀਆਂ ਤੇ ਸਾਰੇ ਬਜ਼ੁਰਗਾਂ ਨਾਲ ਇਕੋ ਜਿਹਾ ਵਰਤਾਓ ਹੋਣਾ ਚਾਹੀਦਾ ਹੈ।

ਗ਼ਦਰ ਫਾਊਂਡੇਸ਼ਨ ਕੈਨੇਡਾ ਵਲੋਂ ਗ਼ਦਰ ਪਾਰਟੀ ਨੂੰ ਸਮਰਪਿਤ ਸਮਾਗਮ

ਚੈਨ ਸਿੰਘ ਚੈਨ ਬਾਬਾ ਬਚਨ ਸਿੰਘ ਮਹਿਤਪੁਰ ਯਾਦਮਾਰੀ ਐਵਾਰਡ ਨਾਲ

ਸਨਮਾਨਿਤ

ਵੈਨਕੂਵਰ: 23 ਸਤੰਬਰ ਨੂੰ ਗ਼ਦਰ ਫਾਉਂਡੇਸ਼ਨ ਕੈਨੇਡਾ ਵਲੋਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਸਰਪ੍ਰਸਤੀ ਹੇਠ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਕਾਮਰੇਡ ਚੈਨ ਸਿੰਘ ਚੈਨ, ਸ੍ਰੀ ਉਜਲ ਦੁਸਾਂਝ ਸਾਬਕਾ ਪ੍ਰੀਮੀਅਰ ਬ੍ਰਿਟਿਸ਼ ਕੋਲੰਬੀਆ, ਸ੍ਰੀ ਕਰਨ ਮਿਨਹਾਸ ਐਮ. ਐਲ. ਏ., ਸਰੀ ਦੇ ਮੇਅਰ ਡੱਗ ਮੁਕੱਲਮ, ਫਾਉਂਡੇਸ਼ਨ ਦੀ ਪ੍ਰਧਾਨ ਬੀਬੀ ਵੀਰਾਂ, ਗੁਰੂ ਨਾਨਕ ਟੈਂਪਲ ਸਰੀ ਦੇ ਪ੍ਰਧਾਨ ਬਲਵੰਤ ਸਿੰਘ ਮਿੱਕ ਤੇ ਫਾਉਂਡੇਸ਼ਨ ਦੇ ਡਾਇਰੈਕਟਰ ਸ੍ਰੀ ਕਰਮ ਸਿੰਘ ਧਨਵੰਤ ਸਸ਼ੋਭਿਤ ਸਨ।

ਇਹ ਸਮਾਗਮ ਬੇਅਰ ਕਰੀਕ ਕਮਿਉਨਿਟੀ ਹਾਲ ਸਰੀ ਵਿਚ ਕੀਤਾ ਗਿਆ। ਸੈਂਕੜੇ ਲੋਕਾਂ ਦੀ ਹਾਜ਼ਰੀ ਵਿਚ ਕਾ. ਚੈਨ ਸਿੰਘ ਚੈਨ ਨੇ ਗਦਰ ਪਾਰਟੀ ਦਾ ਝੰਡਾ ਲਹਿਰਾਇਆ।

ਸਮਾਗਮ ਦਾ ਆਰੰਭ ਕਰਦਿਆਂ ਫਾਉਂਡੇਸ਼ਨ ਦੇ ਸਕੱਤਰ ਡਾ. ਦਰਸ਼ਨ ਗਿੱਲ ਨੇ ਕਿਹਾ ਕਿ ਗ਼ਦਰ ਲਹਿਰ ਦੀ ਅਮੀਰ ਵਿਰਾਸਤ ਨੂੰ ਸਾਂਭਣਾ ਬਹੁਤ ਜ਼ਰੂਰੀ ਹੈ ਕਿਉਂਕਿ ਗਦਰ ਲਹਿਰ ਦੇ ਯੋਧਿਆਂ ਨੇ ਲੋਕ ਇਨਕਲਾਬ ਦਾ ਸੁਪਨਾ ਲਿਆ ਸੀ ਉਹ ਅਜੇ ਵੀ ਅਧੂਰਾ ਹੈ। ਇਸ ਲਈ ਉਹਨਾਂ ਦੀ ਭਾਵਨਾ ਦੀ ਸਾਰਥਕਤਾ ਅਜੇ ਵੀ ਬਰਕਰਾਰ ਹੈ। ਡਾ.

Cont'd on Page 22

ABBOTSFORD GROWERS

IMPORTANT NOTICE

All Raspberry Producers and Packers

A Meeting will be held with our Local MLA's on Saturday October 20th, 2001 at 10:00am to 12:00 noon.

Abbotsford Growers Co-op - 31825 Marshall Rd., Abbotsford

Please Plan to Attend

Your Car Care Specialist...
ਕਾਰ ਦੀ ਤਸੱਲੀਬਖਸ਼ ਸਫਾਈ ਲਈ...

- Hand Wash
- Cut Polishing
- Hand Wax
- Interior Steam Clean
- Scratch & Chip Repair
- Complete Mobile Detailing
- **Service on cars, trucks, RV's, boats, airplanes, rigs etc..**

15 Years of Experience & Customer Service
ਸਾਡੇ 15 ਸਾਲਾਂ ਦੇ ਤਜ਼ਰਬੇ ਤੋਂ ਲਾਭ ਉਠਾਓ

Call Brad Jesseau
309-0133

We Come To You!
ਅਸੀਂ ਤੁਹਾਡੇ ਕੋਲ ਆ ਕੇ ਕਾਰ ਧੋ ਸਕਦੇ ਹਾਂ

cont'd from page 17

ਵਿਚ ਸੀ। ਬਦਕਿਸਮਤੀ ਨਾਲ ਉਸ ਦੇ ਕੁਝ ਵਿਚਾਰ ਗਲਤ ਵੀ ਸਨ, ਜਿਨ੍ਹਾਂ ਕਾਰਨ ਪੰਜਾਬ ਪੁਲੀਸ ਅਤੇ ਸੁਰੱਖਿਆ ਬਲਾਂ ਅੰਦਰ ਕੁਝ ਗਲਤ ਰੁਝਾਨ ਪੈਦਾ ਹੋਏ। ਮਿਸਾਲ ਵਜੋਂ, ਉਸ ਦੇ ਬਲਾਂ ਨੂੰ ਇਹ ਯਕੀਨੀ ਬਣਾਉਣ ਲਈ ਸੱਦਾ ਨਾ ਦਿੱਤਾ ਕਿ ਬੇਕਸੂਰ ਲੋਕਾਂ ਨੂੰ ਨਾ ਤਾਂ ਜਾਨੋਂ ਮਾਰਿਆ ਜਾਵੇ ਅਤੇ ਨਾ ਹੀ ਨੁਕਸਾਨ ਪਹੁੰਚਾਇਆ ਜਾਵੇ, ਆਦਿ-ਆਦਿ। ਇਸ ਦੇ ਉਲਟ ਸਿਧਾਂਤ ਇਹ ਪੇਸ਼ ਕਰ ਦਿੱਤਾ ਕਿ ਦਹਿਸ਼ਤਗਰਦਾਂ ਦੇ ਨਾਲ ਬੇਕਸੂਰਾਂ ਦੇ ਮਾਰੇ ਜਾਣ ਦੇ ਅਮਲ ਤੋਂ ਬਚਿਆ ਨਹੀਂ ਜਾ ਸਕਦਾ। ਉਸ ਨੇ ਪੁਲੀਸ ਕਰਮਚਾਰੀਆਂ ਨੂੰ ਉਨ੍ਹਾਂ ਦਹਿਸ਼ਤਗਰਦਾਂ ਕੋਲੋਂ ਜਿੰਨੀ ਵੀ ਸੰਭਵ ਹੋਵੇ, ਮਾਇਆ ਬਟੋਰਨ ਦੀ ਵੀ ਖੁਲ੍ਹ ਦੇ ਦਿੱਤੀ ਜਿਨ੍ਹਾਂ ਨੇ ਕਿ ਇਹ ਲੁੱਟਾਂ ਜਾਂ ਫਿਰੌਤੀਆਂ ਰਾਹੀਂ ਇਕੱਠੀ ਕੀਤੀ ਸੀ। ਇੱਕ ਵਾਰੀ ਮੈਂ ਇੱਕ ਐਸ.ਐਸ.ਪੀ. ਨੂੰ ਪੁੱਛਿਆ, "ਤੁਸੀਂ ਦਹਿਸ਼ਤਗਰਦਾਂ ਦੇ ਅਜਿਹੇ ਰਿਸ਼ਤੇਦਾਰਾਂ ਨੂੰ ਵੀ ਕਿਉਂ ਪ੍ਰੇਸ਼ਾਨ ਕਰਦੇ ਹੋ ਜਿਹੜੇ ਕਿ ਦਹਿਸ਼ਤਗਰਦੀ ਵਿਰੋਧੀ ਮੰਨੇ ਜਾਂਦੇ ਹਨ?" ਉਸ ਦਾ ਉਤਰ ਸੀ, "ਤਾਂ ਜੁ ਉਨ੍ਹਾਂ ਦੇ ਵਾਰਸ ਅਤੇ ਪੋਤਰੇ-ਪੜਪੋਤਰੇ ਵੀ ਦਹਿਸ਼ਤਗਰਦ ਬਣਨ ਬਾਰੇ ਸੋਚ ਤਕ ਨਾ ਸਕਣ।"

ਅਜਿਹੀ ਸਥਿਤੀ ਵਿਚ ਕਾਫੀ ਪੁਲੀਸ ਅਫਸਰਾਂ ਅਤੇ ਕਰਮਚਾਰੀਆਂ ਨੇ ਟਾਲੀਆਂ ਜਾ ਸਕਣ ਵਾਲੀਆਂ ਜ਼ਿਆਦਤੀਆਂ ਵੀ ਕੀਤੀਆਂ ਅਤੇ ਅਜਿਹੇ ਜੁਰਮ ਵੀ ਕੀਤੇ ਜਿਨ੍ਹਾਂ ਨਾਲ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੁੰਦੀ ਸੀ। ਅਤੇ ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ।

ਕੁਝ ਅਜਿਹੇ ਅਫਸਰ ਅਤੇ ਕਰਮਚਾਰੀ ਸਨ ਜਿਨ੍ਹਾਂ ਨੇ ਕੁਝ ਵਿਅਕਤੀਆਂ ਨੂੰ ਜ਼ਾਤੀ ਦੁਸ਼ਮਣੀ, ਖਾਨਦਾਨੀ ਝਗੜਿਆਂ, ਜ਼ਮੀਨ ਹਥਿਆਉਣ, ਅਤੇ ਦੌਲਤ ਕਮਾਉਣ ਆਦਿ-ਆਦਿ ਖ਼ਾਤਰ ਹੀ ਮਾਰ ਮੁਕਾਇਆ।

ਅਜਿਹੇ ਅਫਸਰਾਂ ਅਤੇ ਕਰਮਚਾਰੀਆਂ ਨੂੰ ਸਜ਼ਾਵਾਂ ਦੇਣਾ ਠੀਕ ਨਹੀਂ ਜਿਨ੍ਹਾਂ ਨੇ ਦਹਿਸ਼ਤਗਰਦੀ ਵਿਰੁੱਧ ਲੜਾਈ ਦੇਸ਼ਭਗਤੀ ਦੇ ਜਜ਼ਬੇ ਅਧੀਨ ਜਾਂ ਆਪਣੀ ਵਰਦੀ ਦੀ ਲਾਜ ਪਾਲਣ ਲਈ ਕੀਤੀ ਸੀ ਅਤੇ ਜਾਂ ਫੇਰ ਆਪਣੇ ਉਪਰਲੇ ਅਫਸਰਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਅਤੇ ਉਹ ਵੀ ਇਹ ਯਕੀਨੀ ਬਣਾਉਂਦਿਆਂ ਹੋਇਆਂ ਕਿ ਬੇਕਸੂਰ ਨਾ ਤਾਂ ਮਾਰੇ ਜਾਣ ਅਤੇ ਨਾ ਹੀ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਵੇ।

ਉਨ੍ਹਾਂ ਨੂੰ ਸੁੱਕਿਆਂ ਨਹੀਂ ਜਾਣ ਦਿੱਤਾ ਜਾਣਾ ਚਾਹੀਦਾ ਜਿਨ੍ਹਾਂ ਨੇ ਜ਼ਾਤੀ ਗਰਜ਼ਾਂ ਕਾਰਨ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਸੀ।

ਇਹਨਾਂ ਦੋ ਕਿਸਮਾਂ ਦੇ ਦਰਮਿਆਨ ਉਹ ਪੁਲੀਸ ਕਰਮਚਾਰੀ ਜਾਂ ਅਫਸਰ ਆ ਜਾਂਦੇ ਹਨ ਜਿਨ੍ਹਾਂ ਨੇ ਟਾਲੀਆਂ ਜਾ ਸਕਣ ਵਾਲੀਆਂ ਜ਼ਿਆਦਤੀਆਂ ਕੁਝ ਸਵਾਰਥੀ ਕਾਰਨਾਂ ਕਰ ਕੇ ਨਹੀਂ ਕੀਤੀਆਂ, ਸਗੋਂ ਓਚ ਇਸ ਕਾਰਨ ਹੋ ਗਈਆਂ ਕਿਉਂਕਿ ਬੰਦੂਕ ਦੀ ਤਾਕਤ ਉਨ੍ਹਾਂ ਦੇ ਦਿਮਾਗ ਉਪਰ ਸਵਾਰ ਹੋ ਗਈ ਸੀ ਜਾਂ ਉਨ੍ਹਾਂ ਕੋਲੋਂ ਅੰਦਾਜ਼ੇ ਦੀ ਗਲਤੀ ਹੋ ਗਈ ਸੀ।

ਮੈਂ ਇਸ ਕਾਰਨ ਆਮ ਮੁਆਫੀ ਦੀ ਹਮਾਇਤ ਨਹੀਂ ਕਰਦਾ। ਪ੍ਰੰਤੂ ਇਸ ਮਕਸਦ ਲਈ ਬਣਾਇਆ ਗਿਆ ਕੋਈ ਵੀ ਕਨੂੰਨ ਜਾਂ ਕੀਤੀ ਗਈ ਕੋਈ ਵੀ ਸੋਧ ਸਰਵੁੱਚ ਅਦਾਲਤ ਵੱਲੋਂ ਗੈਰ-ਸੰਵਿਧਾਨਕ ਕਰਾਰ ਦੇ ਦਿੱਤੀ ਜਾਏਗੀ। ਤਦ ਫਿਰ ਇਸ ਦਾ ਹੱਲ ਕੀ ਹੈ?

ਸ਼ਾਇਦ ਦੱਖਣੀ ਅਫ਼ਰੀਕਾ ਦੇ ਰੀਕੰਸੀਲੀਏਸ਼ਨ ਕਮਿਸ਼ਨ ਦੀ ਤਰਜ਼ ਉੱਤੇ ਬਣਾਇਆ ਗਿਆ ਕੋਈ ਕਮਿਸ਼ਨ ਮੁਨਾਸਬ ਹੋਵੇ, ਜਿਸ ਨੂੰ ਅਜਿਹੇ ਮਾਮਲਿਆਂ ਨੂੰ ਗੁਣ-ਦੋਸ਼ ਦੇ ਅਧਾਰ ਉੱਪਰ ਨਿਪਟਾਉਣ ਦੀਆਂ ਵਿਸ਼ਾਲ ਸ਼ਕਤੀਆਂ ਪ੍ਰਾਪਤ ਹੋਣ। ਅਸੀਂ ਕਿਸੇ ਵੀ ਅਜਿਹੇ ਸੁਝਾਅ ਦਾ ਸਮੱਰਥਨ ਕਰਾਂਗੇ ਜਿਸ ਨਾਲ ਉਪਰੋਕਤ ਉਦੇਸ਼ਾਂ ਦੀ ਪੂਰਤੀ ਹੁੰਦੀ ਹੋਵੇ।

ਸਿੱਖ ਧਰਮ ਉੱਤੇ ਵਿਸ਼ੇਸ਼ ਲੇਖ

ਸਿੱਖ ਸਭਿਆਚਾਰ ਦੀ ਮਹਾਨਤਾ

ਮਾ:ਮਨਜੀਤ ਸਿੰਘ ਦਿਉਲ
ਐਮ.ਏ.ਪੰਜਾ

ਸਿੱਖ ਧਰਮ ਇੱਕ ਖਾਸ ਵਿਸ਼ੇਸ਼ ਦਰਜੇ ਦਾ ਧਰਮ ਹੈ। ਇਸ ਧਰਮ ਵਿਚ ਸਭ ਨੂੰ ਇੱਕ ਲੜੀ ਵਿਚ ਪਰੋਇਆ ਗਿਆ ਹੈ। ਸਿੱਖ ਧਰਮ ਦੀ ਵੱਖਰੀ ਪਹਿਚਾਨ ਹੈ। ਇਸ ਧਰਮ ਵਿਚ ਹਰ ਇਕ ਨੂੰ ਖੁਸ਼ੀ ਅਤੇ ਚਾਅ ਨਾਲ ਬਰਾਬਰ ਦਾ ਮਾਣ-ਸਨਮਾਨ ਪ੍ਰਾਪਤ ਹੈ। ਸਿੱਖ ਧਰਮ ਵਿਚ ਗੁਰੂਆਂ ਦੀ ਰਚੀ ਬਾਣੀ ਮਨੁੱਖਤਾ ਨੂੰ ਸਹੀ ਰਸਤੇ ਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। ਬਾਣੀ ਮਨੁੱਖ ਨੂੰ ਖਾਸ ਰਹਿਣੀ-ਚਾਲ-ਢਾਲ ਰਸਮ ਰੀਤ, ਖਾਣ ਪਹਿਨਣ ਅਤੇ ਬੋਲ ਬਾਣੀ ਦੀ ਜਾਚ ਸਿਖਾਉਂਦੀ ਹੈ। ਸਿੱਖ ਸਭਿਆਚਾਰ ਕੇਸਧਾਰੀ, ਦਸਤਾਰਧਾਰੀ, ਸਿਮਰਨ.ਸੇਵਾਧਾਰੀ. ਖੜਗਧਾਰੀ, ਰਾਜ ਜੋਗੀ ਸਭਿਆਚਾਰ ਹੈ । ਚੜਦੀ ਕਲਾ ਅਤੇ ਸਰਬੱਤ ਦਾ ਭਲਾ ਸਿੱਖ ਸੀਭਆਚਾਰ ਦੇ ਅਮੀਰ ਨਿਸ਼ਾਨੇ ਹਨ। ਸਿੱਖ ਧਰਮ ਗ੍ਰਹਿਸਤੀ ਲੋਕਾਂ ਦਾ ਧਰਮ ਹੈ। ਇਸ ਧਰਮ ਵਿਚ ਪਤੀ ਨੂੰ ਪਰਮੇਸ਼ਰ ਅਤੇ ਪਤਨੀ ਨੂੰ ਦੇਵੀ ਦਾ ਸਥਾਨ ਪ੍ਰਾਪਤ ਹੈ। ਦੂਜੇ ਪਾਸੇ ਮਾਂ ਨੂੰ ਰੱਬ ਦਾ ਦਰਜਾ ਦਿਤਾ ਗਿਆ ਹੈ। ਵਡੇਰੀ ਉਮਰ ਦੇ ਲੋਕਾਂ ਨੂੰ ਤੀਰਥਾਂ ਦਾ ਸਥਾਨ ਦੇ ਕੇ ਸੇਵਾ ਕਰਨ ਦੀ ਝਲਕ ਸਿੱਖ ਸਭਿਆਚਾਰ ਨਾਲ ਜੁੜੀ ਦਿਖਾਈ ਦੇ ਰਹੀ ਹੈ। ਸਿੱਖ ਨੂੰ ਗੁਰੂ ਜੀ ਨੇ ਬੁਰੀਆਂ ਆਦਤਾਂ ਛੱਡਣ ਲਈ ਅਤੇ ਸੱਚਾ-ਸੁੱਚਾ ਜੀਵਨ ਜਿਉਣ ਦੀ ਸਿਖਿਆ ਦਿਤੀ ਹੈ। ਗੁਰਬਾਣੀ ਦਾ ਬੜਾ ਸੋਹਣਾ ਫਰਮਾਨ ਹੈ। "ਰਾਜ ਲੀਲਾ ਤੇਰੇ ਨਾਮ ਬਣਾਈ ਜੋਗੁ ਬਣਿਆ ਤੇਰਾ ਕੀਰਤਨ ਗਾਈ"

ਇਹ ਕੰਮ ਔਖਾ ਜ਼ਰੂਰ ਹੈ ਪਰ ਗੁਰੂ ਸਾਹਿਬਾਨ ਨੇ ਲੰਮੀ ਘਾਲ ਕਮਾਈ ਕਰਕੇ ਸਿੱਖ ਨੂੰ ਇਹ ਸਮਝਾ ਦਿਤਾ ਕਿ ਉਸ ਨੇ ਕਾਮ. ਕ੍ਰੋਧ,ਲੋਭ ਮੋਹ ਅਤੇ ਹੰਕਾਰ ਆਦਿ ਔਗਣ ਤਿਆਗ ਕੇ ਸੱਤ, ਸੰਤੋਖ,ਧੀਰਜ, ਸ਼ਾਂਤੀ ਸਹਿਨਸ਼ੀਲਤਾ ਅਤੇ ਨਿਮਰਤਾ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਸੱਚੇ ਰਾਜ ਜੋਗੀ ਬਣਿਆ ਜਾ ਸਕਦਾ ਹੈ। ਗੁਰਬਾਣੀ ਵਿਚ ਉਪਰ ਲਿਖੇ ਮੂਲ ਆਧਾਰਾਂ ਨੂੰ ਉਪਦੇਸ਼ ਦੇ ਕੇ ਸਮਝਾਇਆ ਗਿਆ ਹੈ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ ਕਿ--"ਉਸਤਤਿ ਮਨ ਮਹਿ ਕਰਿ ਨਿਰੰਕਾਰ। ਕਰਿ ਮਨ ਮੇਰੇ ਸਤ ਬਿਉਹਾਰ।" "ਫਰੀਦਾ ਬੁਰੇ ਦਾ ਭਲਾ ਕਰਿ,ਗੁਸਾ ਮਨਿ ਨ ਹੰਢਾਇ। ਦੇਹੀ ਰੋਗ ਨ ਲਗਈ ਪਲੈ ਸਭ ਕਿਛ ਪਾਇ।" ਜਿਨ ਪ੍ਰਮ ਕਓਿ ਤਿਨ ਹੀ ਪ੍ਰਭ ਪਾਯੋ ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬ

ਇਸ ਤਰ੍ਹਾਂ ਆਦਿ ਗ੍ਰੰਥ ਤੋਂ ਲੈ ਕੇ ਦਸਮ ਗ੍ਰੰਥਤਕ ਦੀ ਬਾਣੀ ਨੇ ਸਿੱਖ ਨੂੰ ਸਿੰਘ ਦਾ ਦਰਜਾ ਦੇ ਦਿਤਾ ਅਤੇ ਨਾਲ ਹੀ ਸਿੱਖਾਂ ਨੂੰ ਮਾਨਵ ਸਭਿਅਚਾਰ ਦੀਆਂ ਉਚੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਗੁਰਬਾਣੀ ਨੇ ਸਿੱਖ ਨੂੰ ਆਪਣੇ ਮਨ ਉੱਤੇ ਕਾਬੂ ਪਾਉਣ ਓਤੇ ਜ਼ੋਰ ਦਿੱਤਾ ਹੈ। ਜਿਵੇਂ ਕਿ "ਮਨ ਤੂੰ ਜੋਤ ਸਰੂਪ" ਦਾ ਫਾਰਮੂਲਾ ਵਰਤ ਕੇ ਮਨ ਦੇ ਸਵੈਮਾਨ ਨੂੰ ਜਗਾਇਆ ਹੈ। ਗੁਰਬਾਣੀ ਦਾ ਇੱਕ ਹੋਰ ਫ਼ੁਰਮਾਨ ਇਸ ਤਰ੍ਹਾਂ ਹੈ--"ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ।"

"ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ

ਨਾਨਕ ਈਹਾਂ ਮਕਤੁ ਆਗੈ ਸੁਖ ਪਾਵੈ

ਇਸ ਤੋਂ ਇਲਾਵਾ ਸਿੱਖ ਕਲਚਰ ਨੇ ਸਿਮਰਨ ਦੇ ਨਾਲ ਸੇਵਾ ਕਰਨ ਦਾ ਸਬਕ ਦਿੱਤਾ ਹੈ। ਸਿੱਖ ਸਭਿਆਚਾਰ ਦੀ ਇਹ ਇਕ ਵਿਸ਼ੇਸ਼ਤਾ ਹੈ ਕਿ ਨ੍ਰਿਮਾਣਤਾ,ਸਹਿਨਸ਼ੀਲਤਾ ਉੱਤੇ ਪੂਰਾ ਉਤਰਦਾ ਹੈ। ਇਸ ਦੇ ਨਾਲ ਨਾਲ ਫਿੱਕਾ ਬੋਲਣ ਉੱਤੇ ਵੀ ਪਾਬੰਦੀ ਹੈ। ਹਰ ਦੁੱਖ ਸੁੱਖ ਨੂੰ ਭਾਣੇ ਵਿੱਚ ਮੰਨਣ ਦੀ ਹਦਾਇਤ ਹੈ। ਸਿੱਖ ਸਭਿਆਚਾਰ ਵਿੱਚ ਆਤਮ ਵਿਸ਼ਵਾਸ਼ ਨੂੰ ਪੱਕੇ ਕਰਕੇ ਸਿੱਖ ਸ਼ਖਸੀਅਤ ਨੂੰ ਅੱਟਲ ਅਤੇ ਅਡੋਲ ਬਨਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ। ਸਿੱਖ ਸਭਿਆਚਾਰ ਵਿੱਚ ਜਾਤ-ਪਾਤ, ਰੰਗ ਨਸਲ, ਮਜ਼੍ਹਬ ਅਤੇ ਉਚ ਨੀਚ ਦਾ ਭੇਦ ਨਹੀਂ ਹੈ। ਮਰਦ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਸਿੱਖ ਸਭਿਆਚਾਰ ਵਿੱਚ ਹੱਕ ਦੀ ਕਮਾਈ ਕਰਕੇ, ਵੰਡ ਕੇ ਛਕਣ ਅਤੇ ਸੱਚੇ ਗੁਰੂ ਦਾ ਨਾਮ ਜਪਣ ਉੱਤੇ ਜ਼ੋਰ ਦਿੱਤਾ ਗਿਆ ਹੈ। ਸਭਨਾਂ ਨੂੰ ਇਹ ਉਪਦੇਸ਼ ਹੈ ਕਿ ਭਲਾ ਕਰਕੇ ਇਹ ਅਭਿਮਾਨ ਨਹੀਂ ਕਰਨਾ ਸਗੋਂ ਇਸ ਤਰ੍ਹਾਂ ਗੁਰੂ ਅੱਗੇ ਅਰਦਾਸ ਕਰਨੀ ਹੈ ।

"ਜਿਸ ਦਾ ਦਿੱਤਾ ਖਾਵਨਾ ਤਿਸ ਕਹੀਐ ਸ਼ਾਬਾਸ਼"

"ਦਾਣਾ ਪਾਣੀ ਗੁਰੂ ਕਾ, ਟਹਿਲ ਪਾਣੀ ਸਿੱਖ ਸੇਵਕਾਂ ਦੀ"

"ਦੇਗ ਤੇਗ ਫਤਿਹ,ਅਨੰਦ ਅਨੰਦ"

ਇਸ ਤਰ੍ਹਾਂ ਦੇਗ ਦੇ ਨਾਲ ਤੇਗ ਇਸ ਲਈ ਮੰਗੀ ਗਈ ਹੈ ਕਿ ਅੰਨ-ਪਾਣੀ ਸਭ ਦੀ ਜ਼ਰੂਰਤ ਹੈ । ਇਸ ਤਰ੍ਹਾਂ ਛੋਟੇ ਮੋਟੇ ਸਾਮਰਾਜ , ਕੌਮਾਂ ਤੇ ਦੇਸਾਂ ਨੂੰ ਦਬਾਉਣ ਵਿਚ ਲੱਗੇ ਰਹਿੰਦੇ ਹਨ। ਉਨ੍ਹਾਂ ਦੀ ਧੱਕੇ ਸ਼ਾਹੀ ਦਾ ਮੁਕਾਬਲਾ ਕਰਨ ਲਈ ਤੇਗ ਦੀ ਫਤਿਹ ਮੰਗੀ ਗਈ ਹੈ ਤਾਂ ਕਿ ਸਭ ਦਾ ਆਤਮ ਸਨਮਾਨ ਕਾਇਮ ਰਹੇ । ਸਿੱਖ ਸਭਿਆਚਾਰ ਵਿਚ ਦੇਗ ਤੇਗ ਦਾ ਵਰਦਾਨ ਅਤੇ " ਪੰਥ ਦੀ ਜੀਤ" ਦਾ ਅਸ਼ੀਰਵਾਦ ਇਸ ਲਈ ਦਿੱਤਾ ਗਿਆ ਹੈ ਕਿ ਖਾਲਸਾ ਹਰ ਕਿਸਮ ਦੇ ਅਨਿਆ ਵਿਰੁੱਧ ਇੱਕ-ਮੁੱਠ ਹੋ ਕੇ ਜ਼ੁਲਮ ਦਾ ਟਾਕਰਾ ਕਰਕੇ ਧਰਤੀ ਨੂੰ ਸੁਰਗ ਬਣਾਵੇ। ਇਸ ਗਲ ਦਾ ਪ੍ਰਤੀਕ ਕੇਸਰੀ ਝੰਡਾ ਇਸ ਖੇੜੇ ਦਾ ਜਾਗਦਾ- ਜਿਉਂਦਾ ਸਬੂਤ ਹੈ।

ਸਿੱਖ ਸਭਿਆਚਾਰ ਵਿੱਚ ਜੇ ਦੁਨਿਆਵੀ ਜੀਵਨ ਵਿੱਚ ਵਾਧ ਘਾਟ ਆਵੇ, ਸਿੱਖ ਉਸ ਨੂੰ ਗੁਰੂ ਦੀ ਖੇਡ ਕਹਿ ਕੇ ਝਲਦਾ ਹੈ। ਸਿੱਖ ਦਾ ਇਹ ਪੱਕਾ ਨਿਸਚਾ ਹੈ ਕਿ ਗੁਰੂ ਘਰ ਆ ਕੇ ਸੱਚੀ ਬਾਣੀ ਸੁਣ ਕੇ ਸੁੱਖਾਂ ਭਰੀ ਸੰਗਤ ਦੇ ਦਰਸ਼ਨ ਕਰਕੇ ਦੁਖ ਕਲੁਸ਼ ਤੋਂ ਛੁਟਕਾਰਾ ਪਾ ਕੇ ਖੁਸ਼ੀਆਂ ਪ੍ਰਾਪਤ ਕਰਦਾ ਹੈ। ਸਿੱਖ ਸਭਿਆਚਾਰ ਵਿੱਚ ਇੱਕ ਹੋਰ ਗੁਣ ਸ਼ੁਕਰਾਨੇ ਦਾ ਪਾਇਆ ਜਾਂਦਾ ਹੈ। ਵਾਹਿਗੁਰੂ ਪ੍ਰਮਾਤਮਾ ਦਿੱਤੀਆਂ ਵਸਤਾਂ ਤੇ ਮਨੋਕਾਮਨਾਵਾਂ ਪੂਰੀਆਂ ਹੋਣ ਤੇ ਸਿੱਖ, ਗੁਰੂ ਦੀ ਵਡਿਆਈ ਤੇ ਸ਼ੁਕਰਾਨਾ ਕਰਦਾ ਨਹੀਂ ਥਕਦਾ। ਵੇਖੋ ਇਤਿਹਾਸ ਨੂੰ , ਮਾਲੇਰਕੋਟਲੇ ਦੇ ਨਵਾਬ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਸਰਹੰਦ ਹਾਅ ਦਾ ਨਾਹਰਾ ਮਾਰਿਆ ਤਾਂ ਦਲ ਖਾਲਸੇ ਦੀ ਖੂਬੀ ਰਹੀ ਹੈ ਕਿ ਕਦੀ ਉਨ੍ਹਾਂ ਕੋਟਲੇ ਦੀ ਧਰਤੀ ਤੇ ਧਾਵਾ ਨਹੀਂ ਬੋਲਿਆ। ਅੱਜ ਵੀ ਮਾਲੇਰਲ\ਕੋਟਲਾ ਖਾਸ ਸਨਮਾਨ ਰਖਦਾ ਹੈ। ਸਿੱਖ ਸਭਿਅਚਾਰ ਵਿੱਚ "ਨਾ ਕੋ ਬੈਰੀ ਨਹੀਂ ਬਿਗਾਨਾ" ਦਾ ਸਿਧਾਂਤ ਮਿਲਦਾ ਹੈ। ਅਨੰਦਪੁਰ ਦੀ ਲੜਾਈ ਵਿੱਚ ਭਾਈ ਘਨੱਈਏ ਨੇ ਬਿਨਾ ਕਿਸੇ ਭੇਦ ਭਾਵ ਤੋਂ ਸਾਰੇ ਜ਼ਖਮੀਆਂ ਦੀ ਪਾਣੀ ਅਤੇ ਮਲ੍ਹਮ ਪੱਟੀ ਦੀ ਸੇਵਾ ਕੀਤੀ। ਇਤਿਹਾਸ ਵਿੱਚ ਖਾਲਸੇ ਨੂੰ "ਖੁਦ ਬਾਦਸ਼ਾਹ" ਦੇ ਪ੍ਰਮਾਨ ਮਿਲਦੇ ਹਨ। ਸਿੱਖ ਸਭਿਆਚਾਰ ਨੇ ਸਦਾ ਹੀ ਅਨੰਦ ਰਹਿਣ ਦੀ ਜੀਵਨ ਜਾਚ ਸਿਖਾਈ ਹੈ ਜਿਸ ਕਰਕੇ ਮਨ ਢਹਿੰਦੀ ਕਲਾ ਵੱਲ ਜਾਂਦਾ ਹੀ ਨਹੀਂ ਹੈ । ਗੁਰਮਤਿ ਦੇ ਤਿੰਨ ਨੁਕਤੇ ਪ੍ਰੋਗ੍ਰਾਮ ਅਨੁਸਾਰ ਆਤਮ ਪਵਿੱਤਰਤਾ, ਮਾਨਸਿਕ ਸ਼ੁੱਧਤਾ, ਸਰੀਰਕ ਇਸ਼ਨਾਨ ਹਨ ।

ਸੋ ਸਿੱਖ ਆਪਣਾ ਦਿਨ ਇਸ਼ਨਾਨ ਅਤੇ ਰੱਬੀ ਧਿਆਨ ਨਾਲ ਸ਼ੁਰੂ ਕਰਦਾ ਹੈ ।ਉਹ" ਜੀਉ ਨਿਰਮਲ ਬਾਹਰੁ ਨਿਰਮਲ" ਹੁੰਦਾ ਹੋਇਆ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੋ ਜਾਂਦਾ ਹੈ।

ਸਿੱਖ ਸਭਿਅਚਾਰ ਕੇਵਲ ਧਾਰਮਿਕ ਸਿੱਖਆ ਅਤੇ ਸਭਿਅਚਾਰ ਉੱਤੇ ਹੀ ਨਿਰਭਰ ਨਹੀਂ ਹੈ ਬਲਕਿ ਇਸ ਨੂੰ ਕਲਾ ਦਾ ਅਸ਼ੀਰਵਾਦ ਵੀ ਪ੍ਰਰਾਪਤ ਹੈ। ਇਸ ਪੱਖ ਤੋਂ ਗੁਰਬਾਣੀ ਸਾਹਿਤਕਾਰੀ, ਸੰਗੀਤਕਾਰੀ ਦਾ ਵਿਰਸਾ ਬਹੁਤ ਭਰਪੂਰ ਤੇ ਵਿਸ਼ਾਲ ਹੈ। ਪ੍ਰਾਚੀਨ ਬੀੜਾਂ ਦੇ ਸਫੇ ਭਾਂਤ ਭਾਂਤ ਦੇ ਫੁੱਲ ਬੂਟਿਆਂ ਨਾਲ ਸ਼ਿੰਗਾਰੇ ਮਿਲਦੇ ਹਨ ਜਿਸ ਦਾ ਸਿੱਖ ਕੌਮ ਬਹੁਤ ਸਤਿਕਾਰ ਕਰਦੀ ਹੈ। ਇਸ ਤਰ੍ਹਾਂ ਪਹਿਰਾਵੇ ਵਿੱਚ ਸਿੱਖ ਦੀ ਬਾਹਰਲੀ ਪਛਾਣ ਇਕ ਖਾਸ ਖਿੱਚ ਦਾ ਕਾਰਨ ਬਣਦੀ ਹੈ। ਖਾਸ ਕਰ ਟੋਪ-ਟੋਪੀਆਂ ਵਾਲੇ ਬਹੁ ਗਿਣਤੀ ਸੰਸਾਰ ਵਿਚ ਸਿੱਖ ਦੀ ਦਸਤਾਰ ਇੱਕ ਵੱਖਰੀ ਪਹਿਚਾਣ ਹੈ। ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਸਿੱਖ ਇੱਕ ਦਸਤਾਰ ਤੋਂ ਹੀ ਪਛਾਂਣਿਆ ਜਾਂਦਾ ਹੈ। ਪੁਰਾਣੇ ਫਾਰਸੀ ਦੇ ਇਤਿਹਾਸਕਾਰਾਂ ਨੇ ਇਹ ਤੱਤ ਕੱਢਿਆ ਸੀ ਕਿ ਮਨੁੱਖ ਦਾ ਸੁਭਾਅ ਜਾਨਣ ਲਈ ਉਸ ਦੀ ਗੁਫਤਾਰ, ਦਸਤਾਰ ਅਤੇ ਰਫਤਾਰ ਵੇਖੀ ਜਾਂਦੀ ਹੈ।ਸਿੱਖ ਪੰਥ ਕੇਸਾਧਾਰੀ ਅਤੇ ਦਸਤਾਰ ਧਾਰੀ ਹੈ। ਭਾਰਤੀ ਸਭਿਅਚਾਰ ਦਾ ਵਿਸ਼ੇਸ਼ ਗੁਣ ਇਹ ਹੈ ਕਿ ਗੁਰੂ ਸਾਹਿਬਾਨਾਂ ਨੇ ਪਗੜੀ ਸਿਰ ਉੱਤੇ ਸਜਾ ਕੇ ਇਤਹਿਾਸ ਦੇ ਅਲੋਪ ਹੋ ਰਹੇ ਗੌਰਵ ਨੂੰ ਫਿਰ ਨਵੇਂ ਸਿਰੇ ਤੋਂ ਸੁਰਜੀਤ ਕੀਤਾ ਸੀ। ਦਸਤਾਰ ਖਾਲਸੇ ਦਾ ਖਾਂਸ ਪਛਾਣ ਚਿੰਨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੇਰਾ ਦੂਹਰਾ ਦਸਤਾਰਾ ਫਤਿਹ ਦਾ ਡੰਕਾ ਵਜਾ ਰਹਾ ਹੈ ।

"ਹਉ ਗੋਸਾਈ ਦਾ ਪਹਿਲਵਾਨੜਾ

ਮੈ ਗੁਰ ਮਿਲਿ ਓਚਿ ਦੁਮਾਲੜਾ

ਸਭ ਹੋਈ ਛਿੰਜ ਇਕਠੀਆ

ਦਬੁ ਬੈਠਾ ਵੇਖੈ ਆਪਿ ਜੀਉ"

ਸਿੱਖ ਸਭਿਆਚਾਰ ਵਿੱਚ ਸੱਚ ਬੋਲਣ ਅਤੇ ਸੱਚ ਉੱਤੇ ਪਹਿਰਾ ਦੇਣ ਦੀ ਮਿਸਾਲ ਮਿਲਦੀ ਹੈ। ਸਿੱਖ ਇਤਿਹਾਸ ਵਿੱਚ ਸੱਚੁ ਤੇ ਪਹਿਰਾ ਦੇਣ ਵਾਲੇ ਬੰਦ ਬੰਦ ਕਟਵਾ ਗਏ; ਆਰਿਆਂ ਨਾਲ ਚੀਰੇ ਗਏ ; ਰਖੜੀਆਂ ਉੱਤੇ ਚਾੜ੍ਹੇ ਗਏ: ਦੇਗਾਂ ਵਿੱਚ ਉਬਾਲੇ ਗਏ:: ਨੀਹਾਂ ਵਿੱਚ ਚਿਣੇ ਗਏ ਪਰ ਸਿਦਕ ਅਤੇ ਸੱਚ ਤੋਂ ਪਿੱਛੇ ਨਹੀਂ ਹਟੇ। ਧਰਮ ਦੀ ਰੱਖਿਆ ਅਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਸਿੱਖ ਸੂਰਬੀਰਾਂ ਨੇ ਸ਼ਹੀਦੀਦੇ ਜਾਮ ਪੀਤੇ। ਸਿੱਖ ਸਭਿਅਚਾਰ ਵਿੱਚ ਕਿਤੇ ਵੀ ਕੋਈ ਅਜਿਹਾ ਤੱਤ ਨਹੀਂ ਮਿਲਦਾ ਜੋ ਕਿ ਹੋਰ ਧਰਮ ਉਪਰ ਨੁਕਤਾ ਚੀਨੀ ਕਰਦਾ ਹੋਵੇ। ਸਿੱਖ ਸਭਿਅਚਾਰ ਵਿੱਚ ਤਾਂ ਨਿਮਾਣਿਆਂ ਨੂੰ ਮਾਣ., ਨਿਤਾਣਿਆਂ ਨੂੰ ਤਾਣ,ਨਿਓਟਿਆਂ ਨੂੰ ਓਟ ਦਾ ਸਹਾਰਾ ਦਿੱਤਾ ਗਿਆ ਹੈ । ਸਿੱਖ ਸਵੇਰੇ ਸ਼ਾਮ ਗੁਰਬਾਣੀ ਪੜ੍ਹ ਅਰਦਾਸ ਦੇ ਅੰਤ ਵਿੱਚ ਸਭ ਦਾ, ਸਰਬਤਾ ਦਾ ਭਲਾ ਮੰਗਦੇ ਹਨ । ਸਿੱਖ ਸਦਾ ਹੀ ਹਰੇਕ ਖੇਤਰ ਵਿੱਚ ਮਨੁੱਖ ਦੀ ਚੜਦੀ ਕਲਾ ਦਾ ਬਚਨ ਮੰਗਦਾ ਹੈ । ਸਿੱਖ ਧਰਮ ਇਕ ਵਿਆਪਕ ਧਰਮ ਹੈ। ਇਸ ਧਰਮ ਵਿੱਚ ਜਾਤ ਪਾਤ ਦਾ ਕੋਈ ਭੇਦ ਭਾਵ ਨਹੀਂ ਹੈ । ਸਿੱਖ ਧਰਮ ਦਾ ਧਾਰਮਿਕ, ਰਾਜਨੀਤਕ, ਸਮਾਜਕ ਅਤੇ ਆਰਥਕ ਪੱਖ ਬਹੁਤ ਅਮੀਰ ਹੈ । ਸਿੱਖ ਧਰਮ ਦਾ ਅਮੀਰ ਗ੍ਰੰਥ ਅਮੀਰ ਸਾਹਿਤਕ ਰਚਨਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਗੁਰੂ ਹੈ । ਇਹ ਗ੍ਰੰਥ ਹਰੇਕ ਪ੍ਰਾਣੀ ਨੂੰ ਸ਼ਬਦ ਗੁਰੂ ਨਾਲ ਜੋੜਦਾ ਹੈ । ਸੋ ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਸਿੱਖ ਸਭਿਅਚਾਰ ਬਹੁਤ ਅਮੀਰ ਹੈ । ਸੋ ਆਓ ਸਾਰੇ ਅੱਜ ਪ੍ਰਣ ਕਰੋ ਕਿ ਭੈੜੇ ਪਾਸਿਆਂ ਤੋਂ ਹਟ ਕੇ ਚੰਗੇ ਪਾਸੇ ਗੁਰੂ ਦੇ ਲੜ ਲਗੀਏ । ਸਾਰੇ ਨਸ਼ੇ ਤਿਆਗ ਕੇ ਗੁਰੂ ਦਾ ਅੰਮ੍ਰਿਤ ਛਕੋ । ਸਾਰੇ ਨੌਜਵਾਨ ਬੱਚੇ ਬੱਚੀਆਂ ਕੇਸਾਂ ਦੀ ਬੇਅਦਬੀ ਕਰਨ ਤੋਂ ਗੁਰੇਜ਼ ਕਰਨ । ਕੇਸਾਂ ਦੀ ਸੰਭਾਲ ਕਰੋ । ਵੱਧ ਤੋਂ ਵੱਧ ਗੁਰੂ ਘਰ ਆਓ। ਪੜ੍ਹਾਈ ਜਾਂ ਹੋਰ ਕੰਮ ਕਰਨ ਤੋਂ ਪਹਿਲਾਂ ਗੁਰੂ ਦਾ ਨਾਮ ਜਪੋ । ਆਪ ਾਮ ਜਪੋ ਅਤੇ ਦੂਜਿਆਂ ਨੂੰ ਨਾਮ ਜਪਾਉ । ਇਸ ਨਾਲ ਸਾਰਾ ਇਹ ਜਨਮ ਤੇ ਅਗਲਾ ਜਨਮ ਵੀ ਸਫਲਾ ਹੋ ਜਾਵੇਗਾ ।

Sabh ki Shanti
ਲੋੜ ਵੇਲੇ ਤੁਹਾਨੂੰ ਸ਼ਾਂਤੀ ਦੇਣ ਲਈ"

$10.00 off your next service for giving us a referral

Our Services
• Immigration — Documentation/Applications • Personal Forms & Applications
• EI, ICBC, WCB Claims, Dispute & Appeals • Small Claims Matters • Legal Forms

ਗੁਪਤ ਸਲਾਹ ਲਈ ਫੋਨ ਕਰੋ (604) 864-8501
"ਅਸੀਂ ਵਕੀਲ ਨਹੀਂ ਹਾਂ, ਕਨਸਲਟੈਂਟ ਹਾਂ"



Sabh ki Shanti
30743 Curlew Dr. Abby, BC

KALER CARPET & upholstery Cleaning

ਕਲੇਰ ਕਾਰਪਿਟ ਅਤੇ ਅੱਪਹੋਲਸਟਰੀ ਕਲੀਨਿੰਗ

Excellent Service Thoughout The Lower Mainland

ਹਰ ਤਰ੍ਹਾਂ ਦੇ ਕਾਰਪਿਟ ਕਲੀਨਿੰਗ ਲਈ ਸਾਨੂੰ ਫੋਨ ਕਰੋ।

- EXPERT CARPET & UPHOLSTERY
- SPECIAL COMMERCIAL RATE
- CAR & VAN CLEANING
- HIGH POWERED FAST DRYING (DRY CARPETS WITHIN 2 HOURS)
- FURNANCE DUCT CLEANING

GURDIP KALER 859-8123
34110 HALLERT RD. ABBOTSFORD, B.C.

ABBY
AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramount Ave, Abbotsford, BC

Phone: 604-852-0420



Daljit Sidhu
(Certified Technician/Owner)



Gagandeep Singh Dhillon
(Certified Technician)

For All Your Automotive Needs
(General Repairs)

-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

• Tune Up • Brakes • Suspension Work •
• Engines & Transmissions • Computer Diagnosis •
• Oil Changes • Exhaust etc. •

MID VALLEY INSURANCE AGENCIES LTD.

#3-32442 Dahlstrom Avenue, Abbotsford, BC V2T 4Y4

Tel: 604-853-1600 Fax: 604-853-9877

Pgr: (604) 857-7261

Sukhi Gill and
Bill Hawthorne are
pleased to announce
the opening of their
new agency effective
August 1st, 2001.



Cell: (604) 807-2178

Representing over 18 Insurance Companies to provide you with the most competitive price.

ਅਠਾਰਾਂ ਕੰਪਨੀਆਂ ਦੀ ਨੁਮਾਇੰਦਗੀ ਕਰਦਿਆਂ ਤੁਹਾਨੂੰ
ਬਹੁਤ ਹੀ ਕੰਪੀਟੇਟਿਵ ਪਰਾਦੀਸ ਦਿੰਦੇ ਹਾਂ।



HOMEOWNERS
TENANTS
FARMS
TRAVEL
RV'S

HOURS

Mon. to Fri. 8:30am - 8:00pm
Sat. 9:00am - 5:30pm
Sun. 11:00am - 4:00pm

AUTOPLAN

PRO RATE FLEET
CONTRACTORS
BUSINESS
CARGO
LIABILITY

cont'd from page 18

ਗਿੱਲ ਨੇ ਕਿਹਾ ਕਿ ਗਦਰ ਫਾਊਂਡੇਸ਼ਨ ਨੇ ਇਸ ਵਿਰਸਤ ਦੀ ਸੰਭਾਲ ਲਈ ਅਜਾਇਬ-ਘਰ ਗਦਰ ਲਾਇਬ੍ਰੇਰੀ ਤੇ ਰੀਸਰਚ ਸੈਂਟਰ ਅਤੇ ਖੋਜ ਦੀ ਪ੍ਰਕਾਸ਼ਨਾ ਲਈ ਮੁਢਲੇ ਕਦਮ ਚੁੱਕ ਲਏ ਹਨ। ਇਹਨਾਂ ਦੀ ਸਥਾਪਤੀ ਲਈ ਗਦਰ ਫਾਊਂਡੇਸ਼ਨ ਕੈਨੇਡਾ ਨੂੰ ਬੀਬੀ ਵੀਰਾਂ ਦੇ ਪਰਿਵਾਰ ਨੇ ਬਿਲਡਿੰਗ ਸਮੇਤ ਇਕ ਏਕੜ ਥਾਂ ਦਾਨ ਕੀਤੀ ਹੈ।

ਫਾਊਂਡੇਸ਼ਨ ਦੇ ਡਾਇਰੈਕਟਰ ਸ੍ਰੀ ਕਰਮ ਸਿੰਘ ਧਨਵੰਤ ਨੇ ਗਦਰ ਲਹਿਰ ਦੇ ਮੈਨੀਫੈਸਟੋ ਉਤੇ ਆਧਾਰਿਤ ਭਾਸ਼ਨ ਦਿੰਦਿਆਂ ਕਿਹਾ ਕਿ ਗਦਰ ਲਹਿਰ ਇਕ ਸੈਕੂਲਰ ਲਹਿਰ ਸੀ ਤੇ ਗਦਰੀ ਬਾਬਿਆਂ ਦੀ ਸੋਚ ਕੌਮਾਂਤਰੀ ਪੱਧਰ ਤੇ ਕੰਮ ਕਰਦੀ ਸੀ। ਇਸ ਲਹਿਰ ਨੂੰ ਹੋਰ ਦੇਸ਼ਾਂ ਵਿਚ ਚਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਦੀ ਵੀ ਸਮਰਥਕ ਪ੍ਰਾਪਤੀ ਸੀ। ਸ੍ਰੀ ਧਨਵੰਤ ਹੋਰਾਂ ਸ. ਚੈਨ ਸਿੰਘ ਹੋਰਾਂ ਦੀ ਘਾਲਣਾ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਇਹਨਾਂ ਦਾ ਯੋਗਦਾਨ ਵਡਮੁੱਲਾ ਹੈ।

ਕਾ. ਚੈਨ ਸਿੰਘ ਚੈਨ ਸਿੰਘ ਨੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਪ੍ਰਤਿਨਿਧਤਾ ਕਰਦਿਆਂ ਗਦਰ ਫਾਊਂਡੇਸ਼ਨ ਨੂੰ ਭਰੋਸਾ ਦਿਵਾਇਆ ਕਿ ਉਹ ਗਦਰ ਫਾਊਂਡੇਸ਼ਨ ਵਲੋਂ ਆਰੰਭੇ ਯਤਨਾਂ ਦਾ ਭਰਪੂਰ ਸਮਰਥਨ ਕਰਨਗੇ ਅਤੇ ਉਹਨਾਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਨਿਭਾਏ ਇਤਿਹਾਸਕ ਰੋਲ ਦੀ ਸਰੋਤਿਆਂ ਨੂੰ ਜਾਣਕਾਰੀ ਦਿਤੀ। ਉਹਨਾਂ ਗਦਰ ਲਹਿਰ, ਬੱਬਰ ਲਹਿਰ, ਕਿਰਤੀ ਲਹਿਰ ਅਤੇ ਕਮਿਉਨਿਸਟ ਲਹਿਰਾਂ ਵਲੋਂ ਨਿਭਾਏ ਰੋਲ ਨੂੰ ਸਰੋਤਿਆਂ ਸਾਹਮਣੇ ਪੇਸ਼ ਕੀਤਾ।

ਸ੍ਰੀ ਉਜਲ ਦੁਸਾਂਝ ਸਾਬਕਾ ਪ੍ਰੀਮੀਅਰ, ਜੋ ਆਪ ਗਦਰੀ ਪਰਿਵਾਰ ਨਾਲ ਸਬੰਧਿਤ ਹਨ, ਨੇ ਕਿਹਾ ਕਿ ਜੋ ਕੁਝ ਅੱਜ ਸਾਡੀ ਕਮਿਉਨਟੀ ਨੇ ਇਥੇ ਕੈਨੇਡਾ ਅਤੇ ਅਮਰੀਕਾ ਵਿਚ ਪ੍ਰਾਪਤ ਕੀਤਾ ਹੈ, ਉਹ ਗਦਰ ਲਹਿਰ ਦੇ ਯੋਧਿਆਂ ਦੀ ਹੀ ਦੇਣ ਹੈ। ਸ੍ਰੀ ਕਰਨ ਮਿਨਹਾਸ, ਸਰੀ ਦੇ ਮੇਅਰ ਡੱਗ ਮੁਕੱਲਮ ਨੇ ਗਦਰ ਫਾਊਂਡੇਸ਼ਨ ਨੂੰ ਸ਼ੁਭ ਇਛਾਵਾਂ ਭੇਟ ਕੀਤੀਆਂ। ਸਰੀ ਸਾਧੂ ਬਿਨਿੰਗ ਨੇ ਗਦਰ ਲਹਿਰ ਦੀ ਅਜੋਕੇ ਪ੍ਰਸੰਗ ਵਿਚ ਵਿਆਖਿਆ ਕੀਤੇ ਜਾਣ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਅਜੇ ਅਨੇਕਾਂ ਸਵਾਲ ਹਨ ਜਿਨ੍ਹਾਂ ਦਾ ਉਤਰ ਲੱਭਿਆ ਜਾਣਾ ਚਾਹੀਦਾ ਹੈ।

ਟਰਾਂਟੋ ਤੋਂ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ 'ਪੰਜ ਪਾਣੀ' ਸਪਤਾਹਿਕ ਦੇ ਸੰਪਾਦਕ ਸ੍ਰੀ ਜੋਗਿੰਦਰ ਸਿੰਘ ਗਰੇਵਾਲ ਨੇ ਫਾਊਂਡੇਸ਼ਨ ਨੂੰ ਹਰ ਕਿਸਮ ਦੀ ਸਹਾਇਤਾ ਦਾ ਭਰੋਸਾ ਦਿਵਾਇਆ। ਉਤਰੀ ਅਮਰੀਕਾ ਦੇ ਹੋਰ ਸ਼ਹਿਰਾਂ ਦੀਆਂ ਸੰਸਥਾਵਾਂ ਜਿਵੇਂ ਕਿ ਸੈਕਰੇਮੈਂਟ, ਫਰੈਜ਼ਨੋ, ਟਰਾਂਟੋ, ਐਡਮਿੰਟਨ ਨੇ ਵੀ ਸ਼ੁਭ ਕਾਮਨਾਵਾਂ ਦੇ ਸੁਨੇਹੇ ਭੇਜੇ।

ਗਿਆਨੀ ਕੇਸਰ ਸਿੰਘ ਜੀ ਨਾਵਲਿਸਟ, ਸਿਹਤ ਠੀਕ ਨਾ ਹੋਣ ਕਾਰਨ ਬੇਸ਼ਕ ਆਪ ਨਾ ਪੁੱਜ ਸਕੇ ਪਰ ਉਹਨਾਂ ਵਿਸ਼ੇਸ਼ ਤੌਰ ਤੇ ਸ. ਪਾਲ ਸਿੰਘ ਜੀ ਪੁਰੇਵਾਲ ਜੀ ਨੂੰ ਭੇਜਿਆ। ਸ. ਪੁਰੇਵਾਲ ਨੇ ਗਿਆਨੀ ਕੇਸਰ ਸਿੰਘ ਜੀ ਵਲੋਂ ਗਦਰੀ ਬਾਬਿਆਂ ਦੀਆਂ ਹੱਥ-ਲਿਖਤਾਂ ਸ੍ਰੀ ਚੈਨ ਸਿੰਘ ਚੈਨ ਤੇ ਬੀਬੀ ਵੀਰਾਂ ਨੂੰ ਭੇਟ ਕੀਤੀਆਂ ਗਈਆਂ। ਫਾਊਂਡੇਸ਼ਨ ਵਲੋਂ ਗਿਆਨੀ ਜੀ ਦਾ ਧੰਨਵਾਦ ਕੀਤਾ ਗਿਆ ਤੇ ਨਾਲ ਹੀ ਭਰੋਸਾ ਦਿਤਾ ਗਿਆ ਕਿ ਉਨ੍ਹਾਂ ਦਾ ਅਣਛਪਿਆ ਸਾਹਿਤ ਫਾਊਂਡਰੇਸ਼ਨ ਛਾਪੇਗੀ।

ਬਾਬਾ ਨਿਰੰਜਨ ਸਿੰਘ ਪੰਡੋਰੀ ਤੇ ਬਾਬਾ ਹਰਜਾਪ ਸਿੰਘ ਦੀ ਸਪੁੱਤਰੀ ਗੁਰਮੀਤ ਕੌਰ ਦੇ ਪਰਿਵਾਰਾਂ ਦਾ ਤਾੜੀਆਂ ਨਾਲ ਸਨਮਾਨ ਕੀਤਾ ਗਿਆ। ਮਹਿਲ ਕਲਾਂ ਤੋਂ ਪੁੱਜੇ ਗਿਆਨੀ ਸਰਬੰਸ ਸਿੰਘ ਨੇ ਬਾਬਾ ਰਹਿਮਤ ਅਲੀ ਵਜੀਦ ਕੇ ਬਾਰੇ ਜਾਣਕਾਰੀ ਦਿਤੀ।

ਪ੍ਰਸਿੱਧ ਗਾਇਕਾਂ ਕਰਮਜੀਤ ਗਰੇਵਾਲ, ਰਮਿੰਦਰ ਕੁੱਲਰ, ਲਾਲ ਪਧਿਆਣਵੀ ਨੇ ਦੇਸ਼ ਭਗਤਾਂ ਬਾਰੇ ਗੀਤ ਗਾਕੇ ਲੋਕਾਂ ਦੇ ਦਿਲ ਜਿਤੇ। ਬੀਬੀ ਗੁਰਮੀਤ ਕੌਰ, ਰਾਣਾ ਨਿਊਜ਼ੀਲੈਂਡ ਨੇ ਵੀ ਗੀਤ ਵਧੀਆ ਢੰਗ ਨਾਲ ਪੇਸ਼ ਕੀਤਾ।

ਵਾਟਰ ਕਲਾਕ ਦਾ ਰਸਮੀ ਤੌਰ ਤੇ ਸਮਰਪਨ



ਸੈਵਨ ਓਕਸ ਸ਼ਾਪਿੰਗ ਸੈਂਟਰ ਵਲੋਂ ਉਥੇ ਲੱਗਾ ਕਲੈਪਸਿਡਰ ਵਾਟਰ ਕਲਾਕ ਐਬਟਸਫੋਰਡ ਸ਼ਹਿਰ ਵਾਸੀਆਂ ਨੂੰ ਬਾਕਾਇਦਾ ਤੌਰ ਤੇ ਭੇਂਟ ਕੀਤਾ ਗਿਆ ਅਤੇ ਉਹ ਹੁਣ ਐਬਟਸਫੋਰਡ ਏਅਰਪੋਰਟ ਤੇ ਸ਼ੋਭਿਤ ਹੈ। ਭੇਂਟ ਕਰਨ ਦੀ ਇਹ ਰਸਮ 29 ਸਤੰਬਰ ਨੂੰ ਸ਼ਹਿਰ ਦੇ ਮੇਅਰ ਜੋਰਜ ਫਰਗੂਸਨ ਵਲੋਂ ਕੀਤੀ ਗਈ ਅਤੇ ਕਲਾਕ ਉਥੇ ਸਜਾਇਆ ਗਿਆ। ਇਸ ਕਲਾਕ ਦਾ ਪਿਛੋਕੜ ਕੁੱਝ ਇਸ ਤਰ੍ਹਾਂ ਹੈ। ਸੈਵਨ ਓਕਸ ਵਾਟਰ ਕਲਾਕ 1979 ਵਿਚ ਫ੍ਰਾਂਸ ਵਿਖੇ ਲੋਇਰੇਰਿਵਰ ਵੈਲੀ ਦੇ ਪਿੰਡ ਲਾ ਰੋਜ਼ੀਅਰ ਦੇ ਰਹਿਣ ਵਾਲੇ ਪ੍ਰੋਫੈਸਰ ਬਰਨਾਰਡ ਗਿੰਟਨ ਨੇ ਬਣਾਇਆ ਸੀ। ਇਸ ਵਰਗਾ ਇੱਕ ਕਲਾਕ ਪੈਰਿਸ ਚੈਪਸ ਐਲਿਸਿਜ਼ ਤੇ ਸਥਿਤ ਗੈਲਰੀ ਵਿਚ ਡੂ ਕਲੈਰਿਜ ਨਾਮੀ ਸ਼ਾਪਿੰਗ ਸੈਂਟਰ ਵਿਚ ਲੱਗਾ ਹੋਇਆ ਹੈ। ਸੈਵਨ ਓਕਸ ਨੇ ਇਹ ਕਲਾਕ 1991 ਵਿਚ ਖੋਲ੍ਹੇ ਇਸ ਮਾਲ ਵਾਸਤੇ ਇੱਕ ਵਿਸ਼ੇਸ਼ ਵਸਤੂ ਵਜੋਂ ਖ੍ਰੀਦਿਆ ਸੀ। ਉਸ ਵੇਲੇ ਦੁਨੀਆਂ ਭਰ ਵਿਚ ਇਸ ਤਰ੍ਹਾਂ ਦੇ 21 ਕਲਾਕ ਸਨ ਅਤੇ ਉਤਰੀ ਅਮ੍ਰੀਕਾ ਵਿਚ ਆਮ ਲੋਕਾਂ ਦੇ ਵੇਖਣ ਲਈ ਕੇਵਲ ਦੋ ਕਲਾਕ ਸਨ। ਇਸ ਬਣਤਰ ਦੇ ਸੁੰਦਰ ਕਲਾਕ ਸਦੀਆਂ ਤਕ ਲੋਕਾਂ ਨੂੰ ਮੋਹਦੇ ਰਹੇ ਹਨ ਕਿਉਂਕਿ ਇਨ੍ਹਾਂ ਵਿਚ ਭੌਤਕ ਵਿਗਿਆਨ, ਇੰਜਨੀਅਰਿੰਗ, ਅਤੇ ਕਲਾ ਦਾ ਅਦੁੱਤੀ ਸੁਮੇਲ ਹੈ।

ਕਲਾਕ ਦੀ ਕ੍ਰਿਆ ਭਾਰ, ਤਰਲ ਪਦਾਰਥਾਂ ਦੀ ਚਾਲ, ਪੈਂਡੂਲਮ ਦੇ ਝੂਟੇ ਅਤੇ ਸਲੰਡਰਾਂ, ਨਾਲੀਆਂ ਦੇ ਆਇਤਨ(ਵਾਲਿਊਮ) ਦੇ ਪੇਚੀਦਾ ਸਬੰਧਾਂ ਤੇ ਅਧਾਰਿਤ ਹੈ।

ਬਾਬਲ(ਕੈਲਡੀਅਨ ਦੀ ਰਾਜਧਾਨੀ) ਦੇ ਵਾਸੀਆਂ ਵਲੋਂ '1400 ਬੀ. ਸੀ. ਵਿਚ ਵਿਕਸਤ ਕੀਤਾ ਗਿਆ ਇਹ ਕਲੈਪਸਿਡ ਕਲਾਕ(ਪਨ-ਘੜੀ) ਚੀਨੀਆਂ ਅਤੇ ,ਮਿਸਰੀਆਂ ਨੇ ਧੁੱਪ-ਘੜੀ ਦੀ ਥਾਂ ਮੁਕੰਮਲ ਕੀਤਾ ਅਤੇ ਯੂਰਪ ਵਿਚ ਇਸ ਦੀ ਵਰਤੋਂ ਪੈਂਡੂਲਮ ਕਲਾਕ ਬਣਨ ਤਕ ਹੁੰਦੀ ਰਹੀ।

ਸਮੇਂ ਦਾ ਪਤਾ ਲਾਉਣ ਦੀ ਇਹ ਪ੍ਰਾਚੀਨ ਕਲਾ ਅਤੇ ਵਿਗਿਆਨ ਪ੍ਰੋਫੈਸਰ ਗਿੰਟਨ ਵਲੋਂ ਬਣਾਏ ਗਏ ਇਸ ਆਧੁਨਿਕ ਰੂਪ ਤੋਂ ਪਹਿਲਾਂ ਗੁਆਚ ਚੁੱਕੀ ਸੀ।

ਸੈਵਨ ਓਕਸ ਸ਼ਾਪਿੰਗ ਸੈਂਟਰ ਵਲੋਂ ਸਹਿਰੀਆਂ ਨੂੰ ਦਿੱਤਾ ਗਿਆ ਇਹ ਪਿਆਰਾ ਤੁਹਫਾ ਸਮੂਹਿਕ ਨਾਗ੍ਰਿਕਤਾ ਦੀ ਖੁਲ੍ਹ ਦਿਲੀ ਦੀ ਵਧੀਆ ਅਤੇ ਨਵੀਂ ਮਿਸਾਲ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਐਬਟਸਫੋਰਡ ਏਅਰਪੋਰਟ ਰਾਹੀਂ ਯਾਤ੍ਰਾ ਕਰਨ ਵਾਲੇ ਹਜ਼ਾਰਾਂ ਲੋਕ ਇਸ ਨਾਲ ਆਨੰਦਤ ਹੋਣਗੇ।

Natural Healing Touch

If you have a chronic disease like Backache, Sciatic Nerve, Migrane, Sinuses, Liver or Gallbladder, Shoulder, Kidney, Lungs, Psoriasis, Heart Disease, High Blood Pressure, Diabetes, Constipation, Cold and Flu, Arthritis & Children Problems, etc.

ਜੇ ਤੁਹਾਨੂੰ ਕਰੋਨਿਕ ਬੀਮਾਰੀ ਜਿਵੇਂ ਕਿ ਪਿਠ ਦਰਦ, ਸਕਾਇਟਿਕ ਨਰਵ, ਮਾਈਗਰੇਨ, ਸਾਈਨਸ਼, ਲਿਵਰ ਜਾਂ ਗਾਲ ਬਲੈਡਰ, ਮੋਢੇ, ਗੁਰਦੇ, ਫੇਫੜੇ, ਸ਼ਾਰਿਸ਼ਸ਼, ਦਿਲ ਦਾ ਰੋਗ, ਹਾਈ ਬਲੱਡ ਪ੍ਰੈਸ਼ਰ, ਕਨਸਟੀਪੇਸ਼ਨ, ਸਰਦੀ ਅਤੇ ਜ਼ੁਕਾਮ (ਫਲੂ) ਜੋੜਾਂ ਦੇ ਦਰਦ ਅਰਥਰਾਈਟਸ ਵਗੈਰਾ ਹਨ ਤਾਂ ਅਪੋਇੰਟਮੈਂਟ ਲਈ ਫੋਨ ਕਰੋ।

604-850-5970 ਜਾਂ 604-859-3006

FOR APPOINTMENT CALL HARMEN

604-850-5970 OR 604-859-3006

WE CURE WITHOUT MEDICINE!

R&T Recyclables & Bottle Depot 604-852-6092

FULL REFUND

On all wine, spirit and non-refillable cooler, cider and import beer bottles.

Bring Your Empty Containers to Us

Our hours of operation are:
Mon. to Sat. - 9 to 6
Sun. - 10 to 4 **Stat Holidays** - Closed

Candlelight Vigil Around Our Unity Statue

By Mandeep Wirk

Will there ever be peace on earth? This question has been on everyone's mind during the past few weeks as we all try to carry on with heavy hearts. On the evening of September 18th, about 300 people gathered together in a candlelight vigil around the Unity Statue (in front of Clearbrook Library) to honor the many thousands of innocent people who lost their lives in the wake of the terrorist attacks on the United States. The Mennonite Community along with the Fraser Valley Human Dignity Coalition with organizers Tamara Smith and Bev Pierini arranged this event. Tamara Smith was the first speaker saying, "We draw together at the Statue of Unity and reflect on what unity really means – one city, one heart acknowledging each other's differences, accepting those differences and walking together inspite of it." Next, all joined in singing our beautiful Canadian national anthem with the poignant line 'God keep our land glorious and free.'

Ed Fast from the Council speaking on behalf of the City of Abbotsford spoke movingly, "At times like these there are no differences. We all sorrow together. This is an immense tragedy." He reminded everyone that "We are a multicultural, multiethenic, multifaith community and tonight we come together and we say 'No' to these kinds of terrorist acts and we say 'Yes' to those human values that respect the dignity of men and women."

Professor Gurmit Tiwana spoke on behalf of the Abbotsford Sikh Community saying, "This tragedy of two big American cities is all the more condemnable because it is a 'manmade tragedy' as opposed to a 'natural tragedy' such as earthquakes. Our hearts go out in sympathy for thousands of innocent dead and bereaved as a result of this heinous crime perpetrated by terrorists – this unprecedented act of destruction and devastation of human life and property. It is decidedly an act by a group of depraved individuals against humanity. All of us are here, myself a member of the Sikh community, to condole the death of all those who died an untimely and painful death. We in unison pray to Almighty God that their souls may rest in peace and He gives strength enough to their near and dear ones to bear this unbearable loss."

Police Chief McKenzie also offered his deepest condolences for the victims noting that these also included firefighters, police and emergency rescue personnel. Chief McKenzie also represented the Fire Department, Paramedics and Emergency Rescue Personnel and expressed his appreciation for the support of the community. The Chief of Police also pointed out that all of the innocent people who lost their lives to terrorist attacks in the United States came from 62 different nationalities. In fact, New York is very much a global city with an extremely diverse multicultural population and many Asian companies had offices in the Twin Towers and the complex of the World Trade Center; also Asians with origins from the Indian subcontinent were amongst the passengers of many nationalities aboard the hijacked planes that crashed into the Twin Towers, The Pentagon and in Pennsylvania. The whole world has been affected by this enormous human tragedy. Asian countries including India are pledging their support to The United States in the fight against terrorism.





Ed Fast, Professor Tiwana and the Fraser Valley Human Dignity Coalition noted that there have been some incidents in the Abbotsford community where Canadians belonging to Visible Minority groups have been harassed. Ed Fast, Professor Tiwana, The Fraser Valley Human Dignity Coalition, and even President George W. Bush of America have condemned outright such racial incidents on fellow Canadians and fellow Americans. Ed Fast emphasized this point by saying that, "Those acts were committed by a very, very small extremist minority, and we find those kinds of groups in (all of the) different faiths and they are not reflective of the underlying values of those faiths....How we respond to the events of the past week, that will determine whether we are honoring those lives that have been lost."

MLA John Van Dogen reflected on the concept of freedom in saying, "We also stand with our neighbors, The United States of America, in their quest and their role in the need to achieve global peace and global freedom, personal freedom for all of us. Something that sometimes we take for granted. This event certainly brought us back, gave us a great wake up call in terms of our personal freedoms, all of the freedoms that we enjoy in this country. But certainly Canada as a

cont'd on page 24





ਜਗਨਾਮਾ ਪੰਜਾਬ

ਸ਼ਾਹ ਮੁਹੰਮਦ ਦੀ ਗਲ ਨੂੰ ਤੋਰ ਅਗੇ, ਅਸਾਂ ਅੱਜ ਦੇ ਦੁਖੜੇ ਫੋਲ ਦਿਤੇ। ਘਾਟਾਂ ਸਾਡੀਆਂ, ਖੂਬੀਆਂ ਉਹਦੀਆਂ ਨੇ, ਅਸਾਂ ਰੰਗ ਸੱਤ, ਮੀਆਂ ਘੋਲ ਦਿੱਤੇ।

ਹਰਭਜਨ 'ਹੁੰਦਲ'

ਜੰਗਨਾਮਾ ਪੰਜਾਬ ਦੀ ਇਹ ਆਖਰੀ ਕਿਸ਼ਤ ਹੈ। ਅਸੀਂ ਹਰਭਜਨ ਹੁੰਦਲ ਦੇ ਧੰਨਵਾਦੀ ਹਾਂ ਜਿੰਨਾਂ ਨੇ ਇਸ ਕ੍ਰਿਤ ਰਾਹੀਂ ਪੰਜਾਬ ਦੇ ਮਹਾਨ ਕਵੀ ਸ਼ਾਹ ਮੁਹੰਮਦ ਦੀ ਯਾਦ ਹੀ ਤਾਜ਼ਾ ਨਹੀਂ ਕੀਤੀ ਸਗੋਂ ਡੇਢ ਦਹਾਕੇ ਦਾ ਸਚਾ ਇਤਿਹਾਸ ਵੀ ਉਲੀਕ ਕੇ ਪੰਜਾਬੀਆਂ ਸਿਰ ਕਰਜ਼ਾ ਚਾੜ੍ਹਿਆ ਹੈ। ਸੰਪਾਦਕ

ਪਰਦਾ ਉਠਦੇ ਉਠਦੇ ਉਠਿਆ ਹੈ,
ਹੌਲੀ ਹੌਲੀ ਹੈ ਖੁੱਲ੍ਹਦੀ ਬਾਤ ਮੀਆਂ।
ਦੁੱਖ ਦੱਸਦੇ ਦੱਸਦੇ ਮੁੱਕਿਆ ਨਾ,
ਰੋ ਰੋ ਥੱਕ ਗਈ ਕਲਮ, ਦਵਾਤ ਮੀਆਂ।
ਸਾਰੀ ਗੱਲ ਸਮੇਟ, ਸੰਖੇਪ ਕਰੀਏ,
ਏਨੀ ਸਾਡੀ ਵੀ ਨਹੀਂ ਔਕਾਤ ਮੀਆਂ।
ਸ਼ਾਹ ਮੁਹੰਮਦਾ ਬੰਦਿਆਂ ਵਾਂਗ ਬੰਦਾ,
ਨਹੀਂ ਸ਼ਾਇਰ ਦੀ ਵੱਖਰੀ ਜ਼ਾਤ ਮੀਆਂ।

ਮਿੱਤਰ ਪੁੱਛਦੇ ਨਾੜ ਤੂੰ ਕਿਵੇਂ ਪਕੜੀ,
ਕਿਵੇਂ ਚੁੱਪ ਪੰਜਾਬ ਇਹ ਬੋਲਿਆ ਹੈ?
ਅਸਾਂ ਕਿਹਾ, "ਅਜੀਬ ਨਾ ਗੱਲ ਕੋਈ,
ਮੂੰਹ ਦਰਦ ਨੇ ਅੱਕ ਕੇ ਖੋਲ੍ਹਿਆ ਹੈ।
ਬੜੇ ਸਾਲ ਰਹੇ ਏਸ ਦੇ ਬੁੱਲ੍ਹ ਸੀਤੇ,
ਇਹਦੇ ਵੈਰੀਆਂ ਨੇ ਕੁਫ਼ਰ ਤੋਲਿਆ ਹੈ।
ਸ਼ਾਹ ਮੁਹੰਮਦਾ, ਕਿਸੇ ਨਾ ਵਾਤ ਪੁੱਛੀ,
ਜੋ ਵੀ ਆਏ, ਉਨ੍ਹਾਂ ਲਹੂ ਡੋਲ੍ਹਿਆ ਹੈ।"

ਲੋਕੀਂ ਕਹਿਣ ਦੁਖਾਂਤ ਦੇ ਕੌਣ ਦੋਸ਼ੀ,
ਦੋਸ਼ੀ ਦੁੱਖਾਂ ਦਾ ਦਿੱਲੀ-ਦਰਬਾਰ ਮੀਆਂ।
ਸਾਮਰਾਜੀਆਂ ਤੁੱਖਣਾ ਬੜੀ ਦਿੱਤੀ,
ਵੰਡੇ ਆਪਣੇ ਹੱਥੀਂ ਹਥਿਆਰ ਮੀਆਂ।
ਰਹਿੰਦੀ ਕਸਰ ਕੱਢੀ ਇਹਨਾਂ "ਯੋਧਿਆਂ" ਨੇ,
ਦਿੱਤੇ ਬੇਸ਼ੁਮਾਰ ਹੀ ਮਾਰ ਮੀਆਂ।
ਸ਼ਾਹ ਮੁਹੰਮਦਾ ਤੁੱਖਣਾ ਰਹੇ ਦਿੰਦੇ,
ਬਰੀ ਦੋਸ਼ ਨਾ ਜਥੇਦਾਰ ਮੀਆਂ।

ਅੱਜ ਨਹੀਂ ਕਵੀਸਰੀ ਸ਼ੁਗਲ ਕੋਈ,
ਸੀਸ ਤਲੀ ਤੇ ਰੱਖ ਕੇ ਆਈਦਾ ਏ।
ਜਾਨ ਜਾਏ, ਵਿਸ਼ਵਾਸ ਨਾ ਡੋਲ ਜਾਵੇ,
ਅੱਖਰ ਖੂਨ ਦੇ ਨਾਲ ਹੀ ਪਾਈਦਾ ਏ।
ਸੱਚੀ ਲਿਖਦਿਆਂ, ਝੱਲਣੇ ਕਸ਼ਟ ਪੈਂਦੇ,
ਕਈ ਵਾਰ ਤਾਂ ਬਹੁਤ ਘਬਰਾਈਦਾ ਏ।
ਸ਼ਾਹ ਮੁਹੰਮਦਾ, ਪਰਖ 'ਚੋਂ ਪਾਸ ਜਿਹੜੇ,
ਘਰੋਂ ਸੱਦ ਕੇ ਗਲੇ ਲਗਾਈਦਾ ਏ।

"ਸ਼ਾਹ ਮੁਹੰਮਦਾ!" ਆਖਿਆ ਘਰਦਿਆਂ ਨੇ
ਤੇਰੀ ਕਲਮ ਨੇ ਚੰਦ ਚੜ੍ਹਾ ਦੇਣਾ।
ਤੂੰ ਨਾ ਸੋਚਦਾ, ਸਮਝਦਾ ਖਤਰਿਆਂ ਨੂੰ,
ਲੱਗਦਾ ਨਵਾਂ ਪੁਆੜਾ ਤੂੰ ਪਾ ਦੇਣਾ।
ਸੱਚੀ ਲਿਖਦਿਆਂ ਲਿਖਦਿਆਂ ਹਾਰਿਆ ਨਾ,
ਤੈਨੂੰ ਭਰਮ ਸੀ ਕੁਫ਼ਰ ਦਫ਼ਨਾ ਦੇਣਾ।
ਤੇਰੀ ਕਲਮ ਦਵਾਤ ਨੂੰ ਰੱਖ ਅੰਦਰ,
ਲਿਖਣ-ਕੁਟੀਆ ਨੂੰ ਜੰਦਰਾ ਲਾ ਦੇਣਾ।

ਸ਼ਾਹ ਮੁਹੰਮਦਾ ਉਡੀਕਿਆ ਰੋਜ਼ ਰਾਤੀਂ,
ਮੈਨੂੰ ਲਿਖਣ ਦਾ ਸਬਕ ਸਿਖਾਉਣਗੇ ਜੀ।
ਉਹਨਾਂ ਪੁੱਛਣਾ ਨਹੀਂ ਕਸੂਰ ਕੋਈ,
ਸਿੱਧਾ ਪਿੱਪਲ ਦੇ ਨਾਲ ਲਟਕਾਉਣਗੇ ਜੀ।
ਜੇਕਰ ਫੇਰ ਵੀ ਮਰੀ ਕਵੀਸ਼ਰੀ ਨਾ,
ਗੋਲੀ ਕੀਮਤੀ ਫੇਰ ਚਲਾਉਣਗੇ ਜੀ।
ਸ਼ਾਹ ਮੁਹੰਮਦਾ ਕਵੀ ਨੂੰ ਸੱਤ ਖ਼ੈਰਾਂ,
ਕੌਣ ਮਾਰਦੇ, ਕੌਣ ਬਚਾਉਣਗੇ ਜੀ।

ਕਿੱਸਾ ਜੋੜਿਆ ਦਰਦ ਦੇ ਰੰਗ ਵਾਲਾ,
ਲੋਕੀਂ ਨਾਲ ਪਿਆਰ ਦੇ ਪੜ੍ਹਨਗੇ ਜੀ।
ਜਿਸ ਪਲ ਸੁਣਨਗੇ, ਸੱਚ ਦੀ ਸਹੀ ਸਾਖੀ,
ਕੰਮ ਛੱਡ ਵਿਚਾਲਿਓਂ ਖੜ੍ਹਨਗੇ ਜੀ।
ਔਖੇ ਹੋਣ ਢੰਡੋਰਚੀ ਕਾਤਲਾਂ ਦੇ,
ਪੜ੍ਹਦੇ ਸਾਰ ਦੂਸ਼ਣ ਮੱਥੇ ਮੜ੍ਹਨਗੇ ਜੀ।
ਸ਼ਾਹ ਮੁਹੰਮਦਾ ਵੇਖ ਲਈਂ ਬੋਲ ਤੇਰੇ,
ਲੋਕੀਂ ਦਿਲਾਂ ਦੇ ਸ਼ੀਸ਼ੇ 'ਚ ਜੜਨਗੇ ਜੀ।

ਮੈਂ ਨਹੀਂ ਆਖਦਾ ਦਰਦ ਦੀ ਹਾਥ ਭਾਈ,
ਮੈਂ ਤੇ ਕਹਾਂ ਕਿ ਕੋਸ਼ਿਸ਼ਾਂ ਕੀਤੀਆਂ ਨੇ।
ਇਕ ਜਣੇ ਤੋਂ ਲਿਖੀ ਨਾ ਜਾਏ ਗਾਥਾ,
ਜੋ ਜੋ ਨਾਲ ਪੰਜਾਬੀਆਂ ਬੀਤੀਆਂ ਨੇ।
ਸ਼ੱਕ ਨਹੀਂ ਕਿ ਪੁਲਸ ਨੇ ਰੱਤ ਪੀਤੀ,
'ਪੰਥ-ਹੀਰਿਆਂ' ਇੱਜ਼ਤਾਂ ਪੀਤੀਆਂ ਨੇ।
ਸ਼ਾਹ ਮੁਹੰਮਦਾ ਫਰਕ ਹੈ ਮਾਤਰਾ ਦਾ,
ਹਿਰਦੇ ਦੋਹਾਂ ਦੇ ਬਦੀ, ਪਲੀਤੀਆਂ ਨੇ।

ਵਰਤੀ ਠੇਠ ਜ਼ੁਬਾਨ ਹੈ ਸਰਲ ਸਿੱਧੀ,
ਕੋਟ ਝੂਠ ਦਾ ਨਹੀਂ ਉਸਾਰਿਆ ਈ।
ਧੰਨਵਾਦ ਹੈ ਸਾਰਿਆਂ ਸੱਜਣਾਂ ਦਾ,
ਜਿਹਨਾਂ ਬੰਦ ਬੰਦ ਬੈਠ ਵਿਚਾਰਿਆ ਈ।
ਤੋਰੀ ਗੱਲ ਅੱਗੇ, ਅਟਕੀ ਜਦੋਂ ਕਿੱਧਰੇ,
ਸਾਨੂੰ ਇਹਨਾਂ ਨੇ ਪਾਰ ਉਤਾਰਿਆ ਈ।
ਸ਼ਾਹ ਮੁਹੰਮਦਾ ਪੰਧ ਸੀ ਬੜਾ ਬਿਖੜਾ,
ਦਿੱਤੀ ਦਿਲਬਰੀ, ਹੌਂਸਲਾ ਧਾਰਿਆ ਈ।

ਆਈਆਂ ਔਕੜਾਂ ਅੱਗ ਦੇ ਸਫ਼ਰ ਉੱਤੇ,
ਯਾਰਾਂ ਹੱਸਦੇ ਹੋਏ ਸਹਾਰੀਆਂ ਨੇ।
ਹੌਲੀ ਹੌਲੀ ਨੇ ਨਿਤਰੇ ਸੋਚ-ਪਾਣੀ,
ਨਜ਼ਰੀਂ ਪੈਂਦੀਆਂ ਸੰਦਲੀ ਧਾਰੀਆਂ ਨੇ।
ਸਾਂਭ ਸਾਂਭ ਸੀ ਰੱਖੀਆਂ, ਮੂਰਤਾਂ ਜੋ,
ਕੋਰੇ ਕਾਗਜ਼ਾਂ ਉੱਤੇ ਉਤਾਰੀਆਂ ਨੇ।
ਸ਼ਾਹ ਮੁਹੰਮਦਾ! ਲਿਆ ਜਾਂ ਨਾਂ ਤੇਰਾ,
ਹੋਈਆਂ ਦੂਰ ਦੁਸ਼ਵਾਰੀਆਂ ਸਾਰੀਆਂ ਨੇ।

ਕਿੱਸਾ ਜੋੜ ਕੇ ਬੈਂਤ ਦੀ ਧਾਰਨਾ ਤੇ,
ਕੋਈ ਮਾਅਰਕਾ ਨਵਾਂ ਨਾ ਮਾਰਿਆ ਈ।
ਸੱਥਾਂ ਵਿਚ ਬਹਿ ਗਾਉਣ ਜੇ ਲੋਕ ਇਹਨੂੰ,
ਅਸੀਂ ਸਮਝੀਏ, ਕਰਜ਼ ਉਤਾਰਿਆ ਈ।
ਸਾਥੋਂ ਸੱਚ ਤੇ ਪਾਏ ਨਾ ਗਏ ਪਰਦੇ,
ਪਰਦਾ ਕੁਫ਼ਰ ਤੋਂ ਸਗੋਂ ਉਤਾਰਿਆ ਈ।
ਸ਼ਾਹ ਮੁਹੰਮਦਾ! ਨਾਲ ਸਤਿਕਾਰ ਪੂਰੇ,
ਤੇਰੇ ਸਿਰੋਂ ਗੁਲਾਬ ਇਹ ਵਾਰਿਆ ਈ।

ਸ਼ਾਹ ਮੁਹੰਮਦਾ! ਸਿਰਾਂ ਤੇ ਰਿਹਾ ਚੜ੍ਹਿਆ,
ਡੇੜ ਸਦੀ ਪਿੱਛੋਂ ਕਰਜ਼ਾ ਮੋੜਿਆ ਈ।
ਪੁੱਤਾਂ ਵਾਂਗ ਨੇ ਸਿਰਜਣੇ ਬਿੰਬ ਹੁੰਦੇ,
ਤੇਰਾ ਸਿਰਜਿਆ ਬਿੰਬ ਨਾ ਤੋੜਿਆ ਈ।
ਸ਼ਿਅਰ ਜੋੜਨਾ ਅੱਗੇ ਤੇ ਤੁਰਨ ਹੁੰਦਾ,
ਤੁਰ ਕੇ ਅੱਗ ਤੇ ਸ਼ਿਅਰ ਨੂੰ ਜੋੜਿਆ ਈ।
ਸਾਡੇ ਕੋਲ ਨਾ ਹੁਨਰ ਦੀ ਬਾਦਸ਼ਾਹੀ,
ਥਾਂ ਥਾਂ ਬੈਂਤ ਨੂੰ ਭੰਨਿਆ ਤੋੜਿਆ ਈ।

ਸ਼ਾਹ ਮੁਹੰਮਦ ਦੀ ਗੱਲ ਨੂੰ ਤੋਰ ਅੱਗੇ,
ਅਸਾਂ ਅੱਜ ਦੇ ਦੁੱਖੜੇ ਫੋਲ ਦਿੱਤੇ।
ਕਸਬ ਸਿੱਖਦੇ ਸਿੱਖਦੇ ਸਿਖਿਆ ਹੈ,
ਬੰਦੇ ਤੱਥ ਦੀ ਤੱਕੜੀ ਤੋਲ ਦਿੱਤੇ।
ਜਿਹੜੇ ਬੰਦ ਸੀ ਖ਼ੌਫ਼-ਤਲਵਾਰ ਕਰਕੇ,
ਸਾਡੀ ਕਲਮ ਨੇ ਜੰਦਰੇ ਖੋਲ੍ਹ ਦਿੱਤੇ।
ਘਾਟਾਂ ਸਾਡੀਆਂ, ਖੂਬੀਆਂ 'ਉਹਦੀਆਂ' ਨੇ,
ਅਸਾਂ ਰੰਗ ਸੱਤੇ, ਮੀਆਂ, ਘੋਲ ਦਿੱਤੇ।

ਲੋਕੀਂ ਪੁੱਛਦੇ ਭੇਤ ਕਵੀਸ਼ਰੀ ਦਾ,
ਇਹ ਨਾ ਅੰਬਰੋਂ ਹੇਠ ਉਤਾਰੀਏ ਜੀ।
ਕਦੇ ਭੁੱਲੀਏ ਦਰਦ ਨਾ ਲੋਕਤਾ ਦਾ,
ਹੁੰਦੇ ਜ਼ੁਲਮ ਨੂੰ ਸਦਾ ਵੰਗਾਰੀਏ ਜੀ।
ਪੈਰ ਪੈਰ ਚੁਣੌਤੀਆਂ ਆਉਂਦੀਆਂ ਨੇ,
ਖਿੜੇ ਮੱਥੇ ਹਰ ਵਾਰ ਸਹਾਰੀਏ ਜੀ।
ਸ਼ਾਹ ਮੁਹੰਮਦਾ, ਸੱਚ ਦੀ ਵਾਟ ਤੁਰਦੇ,
ਭਾਰ ਖ਼ੌਫ਼ ਦਾ ਸਿਰੋਂ ਉਤਾਰੀਏ ਜੀ।

ਪੇਸ਼ਾ ਕੋਈ ਕਵੀਸ਼ਰੀ ਨਹੀਂ ਸਾਡਾ,
ਏਸ ਕੰਮ ਚੋਂ ਧੇਲਾ ਨਾ ਖੱਟੀਏ ਜੀ।
ਇਕ ਇਕ ਬੰਦ ਲਈ ਸੂਲੀ ਕਬੂਲ ਕਰੀਏ,
ਸ਼ਹਿਰ ਲੱਭਦੇ, ਜ਼ਹਿਰ ਵੀ ਚੱਟੀਏ ਜੀ।
ਜਦੋਂ ਕਦੇ ਨਰਾਜ਼ ਹੋ ਜਾਏ ਦਿੱਲੀ,
ਬਿਨਾਂ ਦੋਸ਼ ਤੋਂ ਵੀ ਜੇਲ੍ਹਾਂ ਕੱਟੀਏ ਜੀ।
ਸ਼ਾਹ ਮੁਹੰਮਦਾ ਸੱਚ ਦੀ ਖੋਜ ਔਖੀ,
ਖ਼ਾਕ ਸਾਰੇ ਸੰਸਾਰ ਦੀ ਛੱਟੀਏ ਜੀ।

ਸ਼ਾਹ ਮੁਹੰਮਦ 'ਵਡਾਲੇ' ਦੀ ਸੁਣੀ ਸੋਭਾ,
ਕਿੱਸਾ ਜੋੜਿਆ ਨਾਲ ਪਿਆਰ ਦੇ ਜੀ।
ਦੁੱਖ-ਦਰਦ ਪੰਜਾਬ ਦਾ ਫੋਲ ਸਾਰਾ,
ਜਿਹੜਾ ਨਾਲ ਪਿਆਰ ਦੇ ਬੋਲ ਬੋਲੇ,
ਅਸੀਂ ਉਸ ਤੋਂ ਕਵੀਸ਼ਰੀ ਵਾਰਦੇ ਜੀ।
ਸ਼ਾਹ ਮੁਹੰਮਦਾ ਰਿੜਕਦੇ ਦੁੱਖ ਸਾਂਝੇ,
ਗੱਲਾਂ ਸੱਚੀਆਂ ਫੇਰ ਨਿਤਾਰਦੇ ਜੀ।

ਸਾਂਦਲ ਬਾਰੇ ਤੋਂ ਉੱਜੜੇ ਆਏ ਏਧਰ,
ਵੱਸੇ ਆਣ 'ਬਿਆਸ' ਤੋਂ ਪਾਰ ਮੀਆਂ।
'ਫੱਤੂ ਚੱਕ' ਜਰਨੈਲੀ ਹੈ ਸੜਕ ਉੱਤੇ,
ਰਾਹ ਤੱਕੀਏ ਹੋ ਪੱਬਾਂ ਭਾਰ ਮੀਆਂ।
ਕੱਟੀ ਕੈਦ, ਕਵੀਸ਼ਰੀ ਨਹੀਂ ਛੱਡੀ,
ਝੱਲੀ ਬੁਰੀ ਪੁਲੀਸ ਦੀ ਮਾਰ ਮੀਆਂ।
ਸ਼ਾਹ ਮੁਹੰਮਦਾ ਔਖੀਆਂ ਘਾਟੀਆਂ ਸੀ,
ਲਾਇਆ ਤੂੰ ਹੀ ਪਿਆਰਿਆ ਪਾਰ ਮੀਆਂ।

ਸਾਨੂੰ ਮਾਣ ਨਾ ਕੋਈ ਕਵੀਸ਼ਰੀ ਤੇ,
ਲਾਈਆਂ ਉੱਚੀਆਂ ਨਹੀਂ ਉਡਾਰੀਆਂ ਜੀ।
ਸੱਚੀ ਆਖਣੀ ਅੱਗ ਤੇ ਤੁਰਨ ਹੁੰਦਾ,
ਏਸ ਰਸਤੇ ਮੁਸੀਬਤਾਂ ਭਾਰੀਆਂ ਜੀ।
ਬੈਂਤ ਜੋੜਿਆ, ਲੱਖ ਦਰੁਸਤ ਕੀਤਾ,
ਘਾਟਾਂ ਦੂਰ ਨਾ ਹੁੰਦੀਆਂ ਸਾਰੀਆਂ ਜੀ।
ਸ਼ਾਹ ਮੁਹੰਮਦਾ! ਮੰਗ ਕੇ ਹੁਨਰ ਤੈਥੋਂ,
ਜ਼ੁੰਮੇਵਾਰੀਆਂ ਸਿਰੋਂ ਉਤਾਰੀਆਂ ਜੀ।

ਸਾਡਾ ਬੋਲਿਆ ਚਾਲਿਆ ਮਾਫ਼ ਕਰਨਾ,
ਸੱਚ ਸੁਣੀਂਦਾ ਤੇ ਸੱਚ ਬੋਲਦੇ ਹਾਂ।
ਜਿਹੜੀ ਸੱਚ ਦੇ ਵਾਂਗ ਬੇਕਿਰਕ ਹੋਵੇ,
ਵਰਕਾ ਓਸ ਕਿਤਾਬ ਦਾ ਫੋਲਦੇ ਹਾਂ।
ਘਟਨਾ, ਵਿਅਕਤੀ, ਵਰਤਾਰਿਆਂ, ਆਗੂਆਂ ਨੂੰ,
ਅਸੀਂ ਸੱਚ ਦੀ ਤੱਕੜੀ ਤੋਲਦੇ ਹਾਂ।
ਸ਼ਾਹ ਮੁਹੰਮਦਾ ਨਹੀਂ ਲਿਹਾਜ਼ ਕਰਦੇ,
ਪੱਤੇ ਨਿੰਮ ਦੇ ਅੱਖਰੀਂ ਘੋਲਦੇ ਹਾਂ।

Cont'd from page 23

nation will work with The United States, will support The United States in trying to combat this kind of terrorism."

A member of the Bahai Community in Abbotsford recited a beautiful prayer with great humility from the Bahai Holy Writings, "Oh, Thou kind Lord, Thou hast created all humanity from the same stock…And all are submerged in the Ocean of Thy Mercy…Oh, Thou kind Lord, Unite all, Let the religions agree and make the nations one, So that they may see each other as one family, And the whole earth as one home, May they all live together in perfect harmony, Oh God – raise aloft the banner of the Oneness of Mankind...."

The melancholy tune of the beloved spiritual song "Amazing Grace" with its echoes of hope brought the candlelight vigil to a close. We were all of us deeply moved and touched. Mennonites, Sikhs, Christians, Hindus, Muslims, Bahais, and Buddhists amongst the many members of the different faiths in our diverse community solemnly planted their candles on the pedestal of The Unity Statue. Our symbol of Unity and Hope, The Unity Statue glowed in the candlelight against the setting darkness of the evening sky.





Above: Jerry Vos (President of the Mission Tennis Club) presents the father and son team of Ken (left) and Tok Herar(right) with the Mission open doubles title. Ken also won the singles title for the 10th year. "It was nice to play my Dad and it was especially nice to play in my hometown which I set little time to do. It has been six years since I last participated in this tournament I thought this being my last year in Mission it would be nice to play and meet old friends", Mission is where I learned to play tennis and I will carry with me many fond memories of this place. I will miss everyone!" States Ken.

ਬਿਧੀ ਚੰਦ ਸੂਰਮੇ ਨੂੰ ਕੋਈ ਰੋਕੇ

ਸੋਹਨ ਸਿੰਘ 'ਢੱਟ'

ਜਦੋਂ ਚਲਦੀਆਂ ਜ਼ੁਲਮੀ ਹਨੇਰੀਆਂ
ਠੱਲਦਾ ਹੈ ਕੋਈ ਸੂਰਮਾ
ਜਦੋਂ ਰਾਜੇ ਦਾ ਸੰਤਾਂ ਨਾ ਹੋਵੇ ਵੈਰ ਜੀ
ਰਹੇ ਨਾ ਕਦੇ ਰਾਜ ਉਸਦਾ
ਜਦੋਂ ਮੀਰੀ ਪੀਰੀ ਹੋ ਜਾਣ ਕੱਠੀਆਂ
ਜ਼ਲਮ ਦੀਆਂ ਜੜ੍ਹਾਂ ਹਿਲੀਆਂ
ਛੇਵੇਂ ਪਾਤਸ਼ਾਹ ਨੇ ਕਿਹਾ ਸਿਖ ਸੰਗਤੇ
ਜਵਾਨੀਆਂ ਭੇਟ ਕਰੋ ਜੀ
ਲੈ ਕੇ ਹਥਿਆਰ ਆਉ ਬਣ ਸੂਰਮੇ
ਠੱਲ੍ਹ ਪਾਈਏ ਜਾਬਰਾਂ ਨੂੰ
ਸਿਖ ਆ ਗਏ ਵਹੀਰਾਂ ਘੱਤ ਕੇ
ਤਲੀ ਉਤੇ ਸੀਸ ਧਰ ਕੇ
ਹਿੰਦੂ ਮੁਸਲਮ ਰਲ ਸਾਰੇ ਆਏ
ਸੂਬੇਦਾਰ ਯਾਰ ਖਾਨ ਵੀ
ਭਾਈ ਬਿਧੀ ਚੰਦ ਟੇਕ ਮੱਥਾ ਆਖਦਾ
ਤਨ ਮਨ ਸੌਂਪਿਆ ਆਪ ਨੂੰ
ਡਾਕੇ ਮਾਰੇ ਮੈਂ ਚੋਰੀਆਂ ਕੀਤੀਆਂ
ਹੁਣ ਮੈਨੂੰ ਬਖਸ਼ ਲਉ
ਸੇਵਾ ਕਰਾਂਗਾ ਗੁਰੂ ਦੇ ਘਰ ਦੀ
ਚੋਰੀਆਂ ਤੋਂ ਤੋਬਾ ਮੇਰੀ ਜੀ
ਭਾਈ ਅਦਲੀ ਸਿਖ ਸੀ ਗੁਰੂ ਦਾ
ਪਾਇਆ ਜਿਸ ਮੈਨੂੰ ਰਸਤੇ
ਮੈਨੂੰ ਆਪਣੇ ਚਰਨਾਂ ਵਿਚ ਰੱਖ ਲਉ
ਸਿਖ ਚੋਰ ਗੁਰੂ ਘਰ ਦਾ
ਸੇਵਾ ਕਰਾਂ ਮੈਂ ਗੁਰੂ ਦੇ ਘਰ ਦੀ
ਵਾਰ ਦਿਆਂ ਜਾਨ ਆਪਣੀ
ਪਿੰਡ ਸੁਰ ਸਿੰਘ ਜਨਮ ਸੀ ਹੋਇਆ
ਘਰ ਭਾਈ ਵੱਸਣ ਦੇ
ਦਾਦਾ ਭਾਈ ਭਿਖੀ ਸੀ ਇਸਦਾ
ਪਹਿਲਾ ਨਾਮ ਬਿਧੀਆ ਸੀ
ਰਹਿੰਦਾ ਨਾਨਕੇ ਪਿੰਡ ਸਰਹਾਲੀ
ਬਾਣ ਪੈ ਗਈ ਚੋਰੀਆਂ ਦੀ
ਪੰਜਵੇਂ ਪਾਤਸ਼ਾਹ ਦੀ ਸੁਣ ਕੇ ਸ਼ਹੀਦੀ
ਜੋਸ਼ ਆਇਆ ਛੇਵੇਂ ਪਾਤਸ਼ਾਹ
ਲੈ ਕੇ ਢਾਡੀਆਂ ਨੂੰ ਬਿਧੀ ਚੰਦ ਆਇਆ
ਨਾਲ ਲਏ 52 ਸੂਰਮੇ
ਜੱਥੇ ਬਣ ਗਏ ਸਿੰਘਾਂ ਦੇ ਭਾਰੀ
ਲੱਭਦੇ ਮੁਗਲਾਂ ਨੂੰ
ਹੁਣ ਕਰਾਂਗੇ ਮੈਦਾਨ ਵਿਚ ਗੱਲ
ਮੰਨੀਆਂ ਨਾ ਬੇਨਤੀਆਂ
ਖਾਧੀ ਖ਼ਣਸ ਬਾਦਸ਼ਾਹ ਭਾਰੀ
ਕੈਦ ਕੀਤੇ ਛੇਵੇਂ ਪਾਤਸ਼ਾਹ
ਪਿਆਰ ਜਾਗਿਆ ਸੰਗਤਾਂ ਵਿਚ ਭਾਰੀ
ਦਰਸ਼ਨ ਕਰੋ ਚਲਕੇ
ਪਿੰਡਾਂ ਪਿੰਡਾਂ, ਚੋਂ ਸੰਗਤਾਂ ਪੁਜੀਆਂ
ਕਿਲ੍ਹੇ ਗਵਾਲੀਅਰ ਦੇ
ਪਿਆਰ ਦੇਖਿਆ ਗੁਰਾਂ ਲਈ ਬਾਦਸ਼ਾਹ
ਕਰ ਦਿਤਾ ਰਿਹਾ ਗੁਰਾਂ ਨੂੰ
ਨਾਲ ਆਪਣੇ ਛਡਾਏ 52 ਰਾਜੇ
ਧੰਨ ਧੰਨ ਛੇਵੇਂ ਪਾਤਸ਼ਾਹ
ਜਹਾਂਗੀਰ ਨੂੰ ਸਮਝ ਸੀ ਆਈ
ਚੰਦੂ ਹੋਇਆ ਬੇਈਮਾਨ ਸੀ
ਪੰਜਵੇਂ ਪਾਤਸ਼ਾਹ ਸ਼ਹੀਦ ਕਰਾਏ
ਮੇਰਾ ਨਾ ਕਸੂਰ ਖਾਲਸਾ
ਦੋਸ਼ੀ ਆਪਣਾ ਸੋਧ ਲਉ ਭਾਵੇਂ
ਖੁਲ੍ਹ ਦਿਤੀ ਬਾਦਸ਼ਾਹ ਨੇ
ਭਾਈ ਬਿਧੀ ਚੰਦ ਕਿਹਾ ਭਾਈ ਜੇਠਾ
ਸਜ਼ਾ ਦਿਉ ਲੋਕਾਂ ਸਾਹਮਣੇ
ਮਿਲ੍ਹ ਸ਼ਿਖਿਆ ਸਾਰਿਆਂ ਤਾਈਂ
'ਢੱਟ' ਫਲ ਪਾਇਆ ਕਰਮਾਂ ਦਾ
ਲੋਕੋ ਬਿਧੀ ਚੰਦ ਸੂਰਮੇ ਨੂੰ ਕੋਈ ਰੋਕੋ।

CITY OF
ABBOTSFORD
ਸਿਟੀ ਔਫ
ਐਬਟਸ਼ਫੋਰਡ

ਗਾਰਬੇਜ ਦੇ ਬਕਸਿਆਂ/ਬੈਗਾਂ ਦੇ ਸਾਂਈਜ਼ ਦੀ ਹੱਦ

ਅਬਟਸਫੋਰਡ ਸ਼ਹਿਰ ਵਿਚ ਗਾਰਬੇਜ ਕਨਟੇਨਰਾਂ ਦਾ ਵਡਾ ਹੋਣਾ ਜ਼ਰੂਰੀ ਚੰਗਾ ਨਹੀਂ ਮਨਿਆ ਜਾਂਦਾ।

13 ਨਵੰਬਰ , 2001 ਤੋਂ ਗਾਰਬੇਜ ਚੁੱਕਣ ਵਾਲੇ ਕਰਮਚਾਰੀ ਗਾਰਬੇਜ ਨਹੀਂ ਚੁੱਕਣਗੇ ਜੇ ਬਕਸਿਆ/ਬੈਗਾਂ ਦੇ ਸਾਈਜ਼ ਹੇਠ ਲਿਖੇ ਅਨੁਸਾਰ ਨਾ ਹੋਏ।

ਢੱਕਣ ਵਾਲੇ ਬਕਸ

ਵੱਧ ਤੋਂ ਵੱਧ ਕਪੈਸਿਟੀ	77 ਲਿਟਰ (17 ਇੰਪ ਗੈਲਨ)
ਵੱਧ ਤੋਂ ਵੱਧ ਭਾਰ	23 ਕਿਲੋ ਗ੍ਰ.(50 ਪਾਉਂਡ)
ਵੱਧ ਤੋਂ ਵੱਧ ਵਿਆਸ	48 ਸ.ਮ. (19")
ਵੱਧ ਤੋਂ ਵੱਧ ਉਚਾਈ	56 ਸ.ਮ. (22")

ਗਾਰਬੇਜ ਬੈਗ

ਵੱਧ ਤੋਂ ਵੱਧ ਕਪੈਸਿਟੀ	77ਲਿਟਰ (17 ਇੰਪ ਗੈਲ)
ਵੱਧ ਤੋਂ ਵੱਧ ਭਾਰ	23ਕਿ:ਗ੍ਰ.(50ਪਾਉਂਡ)
ਵੱਧ ਤੋਂ ਵੱਧ ਖਾਲੀ ਸਾਈਜ਼	66ਸ.ਮ.ਣ 91 ਸ.ਮ. (ਡਾਇਆਮੀਟਰ) 26"ਣ 36"

ਆਕੂਪੇਸ਼ਨਲ ਹੈਲਥ ਅਤੇ ਸੇਫਟੀ ਰੈਗੂਲੇਸ਼ਨਜ਼ (ਡਬਲਯੂ. ਸੀ ਬੀ.) ਦੀ ਪਾਲਣਾ ਲਈ ਇਨ੍ਹਾਂ ਸਾਈਜ਼ਾਂ ਅਤੇ ਭਾਰਾਂ ਦੀ ਪਾਬੰਦੀ ਜ਼ਰੂਰੀ ਹੈ ।

ਪਿਛਲੇ ਸਾਲਾਂ ਵਿਚ ਵਡੇਰੇ ਸਾਈਜ਼ਾਂ ਦੇ ਕਨਟੇਨਰਾਂ ਦੇ ਪ੍ਰਚਲੱਤ ਹੋਣ ਨਾਲ, ਖਾਸ ਕਰ ਪਹੀਆਂ ਵਾਲੇ 121 ਲਿਟਰ ਦੇ ਸਈਜ਼ ਨਾਲ, ਉਨ੍ਹਾਂ ਕਰਮਚਾਰੀਆਂ ਨੂੰ ਸੱਟ ਲੱਗਣ ਦੀ ਸੰਭਾਨਾ ਵੱਧ ਗਈ ਹੈ, ਜਿਹੜੇ ਹਰ ਰੋਜ਼ ਹਜ਼ਾਰਾਂ ਕਨਟੇਨਰ ਚੁੱਕਦੇ ਹਨ ।



ਇਸ ਤੋਂ ਇਲਾਵਾ ਵਡੇਰੇ ਗਾਰਬੇਜ ਕਨਟੇਨਰ ਰੀਸਾਈਕੱਲਿਗ ਵਿਚ ਨਹੀਂ ਸਗੋਂ ਕੂੜੇ/ਰੱਦੀ ਵਿਚ ਵਾਧਾ ਕਰਦੇ ਹਨ । ਗਾਰਬੇਜ ਚੁੱਕਣ ਵਾਲੇ ਕਰਮ ਚਾਰੀ ਕਨਟੇਨਰਾਂ ਸਬੰਧੀ 1995 ਤੋਂ ਲਾਗੂ ਸਿਟੀ ਅਧਿ- ਨਿਯਮ(ਬਾਈ ਲਾਅ) ਦੇ ਐਨ ਮੁਤਾਬਿਕ ਅਮਲ ਕਰਨ ਗੇ । ਉਸ ਸਮੇਂ ਅਧਿ-ਨਿਯਮ ਵਿਚ 77 ਲਿਟਰ ਦੀ ਹੱਦ ਮਿਥੀ ਗਈ ਸੀ, ਜਿਵੇਂ ਕਿ ਸਾਲਾਨਾ ਕੁਲੈਕਸ਼ਨ ਕੈਲੈਂਡਰਾਂ ਵਿਚ ਦਰਸਾਇਆ ਗਿਆ ਹੈ ।

ਜਿਹੜੇ ਨਗਰ ਨਿਵਾਸੀਆ ਕੋਲ ਓਵਰ ਸਾਈਜ਼ ਦੇ ਕਨਟੇਨਰ ਹਨ ਅਤੇ ਉਹ ਇਨ੍ਹਾਂ ਨੂੰ ਕਿਸੇ ਹੋਰ ਵਰਤੋਂ ਵਿਚ ਨਹੀ ਲਿਆ ਸਕਦੇ ਤਾਂ ਉਹ ਇਨ੍ਹਾਂ ਨੂੰ 33670 ਵੈਲੀ ਰੋਡ ਤੇ ਸਥਿੱਤ ਸਿਟੀ ਦੇ ਰੀਸਾਈਕਲਿੰਗ ਡਿਪੋ ਵਿਚ ਦੇ ਸਕਦੇ ਹਨ ।

ਜਿਹੜੇ ਰਿਹਇਸ਼ੀ ਘਰਾਂ ਨੂੰ ਹਫਤਾ ਵਾਰੀ ਕੁਲੈਕਸ਼ਨ ਸੇਵਾ ਉਪਲਬਧ ਹੈ ਉਨ੍ਹਾਂ ਨੂੰ ਹਰ ਚੁਕਾਈ ਲਈ 77 ਲਿਟਰ ਦੇ 2 ਕਨਟੇਨਰਾਂ ਦੀ ਆਗਿਆ ਹੈ । ਐਬਟਸਫੋਰਡ ਦੇ ਪੱਛਮੀ ਪੇਂਡੂ ਏਰੀਆ ਦੇ ਉਨ੍ਹਾਂ ਘਰਾਂ ਨੂੰ 77 ਲਿਟਰ ਦੇ 3 ਕਨਟੇਨਰਾਂ ਦੀ ਆਗਿਆ ਹੈ, ਜਿਨ੍ਹਾਂ ਵਿਚ ਇਹ ਸੇਵਾ ਪੰਦਰਾਂ ਬਿਨਾਂ ਮਗਰੋ ਹੁੰਦੀ ਹੈ । ਵੱਧ ਗਾਰਬੇਜ ਤਾਂ ਹੀ ਚੁੱਕਿਆ ਜਾਵੇਗਾ ਹੈ ਜੇ ਹਰ ਵਾਧੂ ਕਨਟੇਨਰ ਤੇ ਪ੍ਰੀ ਪੇਡ ਸਿਟੀ ਸਟਿੱਕਰ ਲਗਿਆ ਹੋਵੇ । ਅਜਿਹੇ ਸਟਿੱਕਰਾਂ ਦਾ ਖਰਚਾ $1.50 ਪ੍ਰਤੀ ਸਟਿੱਕਰ ਹੈ ਅਤੇ ਇਹ ਸਟਿੱਕਰ ਸਿਟੀ ਹਾਲ ਤੋਂ ਮਿਲਦੇ ਹਨ ।

ਸ਼ਹਿਰ ਨਿਵਸੀਆਂ ਵਲੋਂ ਕਨਟੇਨਰਾਂ ਦਾ ਸਾਈਜ਼ ਅਤੇ ਗਾਰਬੇਜ ਦਾ ਭਾਰ ਘਟਾਓ ਗਾਰਬੇਜ ਚੁੱਕਣ ਵਾਲਿਆਂ ਦੀ ਸਹਾਇਤਾ ਹੋਵੇਗੀ ਅਤੇ ਵਾਤਾਵਰਨ ਦੇ ਸੁਧਾਰ ਵਿਚ ਉਨ੍ਹਾਂ ਦਾ ਯੋਗਦਾਨ ਹੋਵੇਗਾ ।

ਵਧੇਰੇ ਜਾਣਕਾਰੀ ਲਈ ਸਿਟੀ ਉਪਰੇਸ਼ਨਜ਼ ਯਾਰਡ ਨੂੰ 604-853-5485ਤੇ ਫੋਨ ਕਰੋ।

ਸਥਾਨਕ ਖਬਰਾਂ

ਮਕੈਨਲੀ ਨੂੰ ਨਵੀਆਂ ਡਿਊਟੀਆਂ ਸੌਂਪੀਆਂ ਗਈਆਂ

ਔਟਵਾ: ਨਵੀਂ ਬਣੀ ਪ੍ਰੋਗ੍ਰੈਸਿਵ ਕੰਜ਼ਰਵੇਟਿਵ-ਡੈਮੋਕ੍ਰੈਟਿਕ ਰੈਪਰਿਜ਼ੈਂਟੇਟਿਵ ਕੋਲੀਸ਼ਨ ਵਿਚ ਗ੍ਰਾਂਟ ਮਕੈਨਲੀ ਨੂੰ ਕਈ ਸਾਰੀਆਂ ਨਵੀਆਂ ਡਿਊਟੀਆਂ ਸੌਂਪੀਆਂ ਗਈਆਂ ਹਨ। ਉਸ ਨੂੰ ਕੋਲੀਸ਼ਨ ਦੇ ਹਾਊਸ ਲੀਡਰ ਪੀਟਰ ਮਕੇਅ ਨਾਲ ਕੰਮ ਕਰਨ ਲਈ ਡਿਪਟੀ ਹਾਊਸ ਲੀਡਰ ਬਣਾਇਆ ਗਿਆ ਹੈ। ਅਕਤੂਬਰ 1999 ਤੋਂ ਅਪ੍ਰੈਲ 2001 ਤਕ ਮਕੈਨਲੀ ਮਾਨਤਾ ਪ੍ਰਾਪਤ ਵਿਰੋਧੀ ਪਾਰਟੀ ਵਿਚ ਇਸੇ ਪਦ ਤੇ ਕੰਮ ਕਰਦੇ ਸਨ। ਮਕੈਨਲੀ ਨੇ ਕਿਹਾ ," ਕੰਜ਼ਰਵੇਟਿਵ ਖੇਤ੍ਰਾਂ ਵਿਚ ਪੀਟਰ ਨੂੰ ਉਭਰਦਾ ਸਿਤਾਰਾ ਸਮਝਿਆ ਜਾਂਦਾ ਹੈ। ਆਉਣ ਵਾਲਿਆਂ ਹਫਤਿਆਂ ਅਤੇ ਮਹੀਨਿਆਂ ਦੌਰਾਨ ਮੈਂ ਪਾਰਲੀਮੈਂਟਰੀ ਏਜੰਡਾ ਨਿਰਧਾਰਿਤ ਕਰਨ ਅਤੇ ਉਸ ਦਾ ਸੰਚਾਲਨ ਕਰਨ ਲਈ ਪੀਟਰ ਨਾਲ ਮਿਲਕੇ ਕੰਮ ਕਰਨ ਦਾ ਉਡੀਕਵਾਨ ਹਾਂ। ਸਾਡੀ ਕੋਲੀਸ਼ਨ ਲੋਕਾਂ ਨੂੰ ਇੱਕ ਬਦਲਵਾਂ ਦ੍ਰਿਸ਼ਟੀਕੋਣ ਪੇਸ਼ ਕਰੇਗੀ। ਸਾਡੀ ਪਾਰਲੀਮੈਂਟਰੀ ਕਾਰਗੁਜ਼ਾਰੀ ਤੋਂ ਲੋਕਾਂ ਨੂੰ ਪਤਾ ਲਗੇਗਾ ਕਿ ਅਸੀ ਮਿਲ ਕੇ ਕਮੰ ਕਰ ਸਕਦੇ ਹਾਂ। ਆਸ ਹੈ ਕਿ ਭਵਿੱਖ ਵਿਚ ਕੁੱਝ ਵਡੇਰਾ ਅਤੇ ਚੰਗੇਰਾ ਕਰ ਸਕਾਂਗੇ।

ਮਕੈਨਲੀ ਨੂੰ ਕੋਲੀਸ਼ਨ ਵਿਚ ਪ੍ਰਸ਼ਨ-ਕਾਲ ਸਮੇਂ ਕੋ-ਆਰਡੀਨੇਟਰ ਦਾ ਮਹੱਤਵਪੂਰਨ ਰੋਲ ਵੀ ਦਿੱਤਾ ਗਿਆਹੈ। ਇਸੈ ਤਰ੍ਹਾਂ ਦਾ ਕੰਮ ਉਨ੍ਹਾਂ ਨੂੰ ਅਧਿਕਾਰ-ਯੁਕਤ ਵਿਰੋਧੀ ਪਾਰਟੀ ਵਿਚ ਵੀ ਮਿਲਿਆ ਹੋਇਆ ਸੀ। ਇਹ ਭੂਮਿਕਾ ਨਿਭਾਉਂਡਿਆਂ ਉਹ ਕੈਨੇਡੀਅਨ ਲੋਕਾਂ ਦੇ ਮਸਲਿਆਂ ਦੀ ਚੋਣ ਕਰਨਅਤੇ ਇਨ੍ਹਾਂ ਮਸਲਿਆਂ ਸਬੰਧੀ ਪ੍ਰਸ਼ਨ ਬਨਾਉਣ ਵਿਚ ਸਹਾਇਤਾ ਕਰਨ ਗੇ।

ਕਿਉਂਕਿ ਉਨ੍ਹਾਂ ਨੂੰ ਕੈਨੇਡੀਅਨ ਹੈਰੀਟੇਜ ਦੇ ਸਮੀਖਿਆਕਾਰ ਦਾ ਕੰਮ ਵੀ ਦਿੱਤਾ ਗਿਆਂ ਹੈ, ਇਸ ਕਰਕੇ ਸ਼ੀਲਾ ਕੌਪਸ ਵੀ ਉਨ੍ਹਾਂ ਦਾ ਨਿਸ਼ਾਨਾ ਹੋਵੀਗੀ ।। ਮਕੈਨਲੀ ਦਾ ਕਹਿਣਾ ਹੈ ਕਿ ਕੈਨੇਡੀਅਨ ਹੈਰੀਟੇਜ ਅਕਸਰਇਤਰਾਜ਼ਯੋਗ ਪ੍ਰੋਜੈਕਟਾਂ ਲਈ ਟੈਕਸ ਡਾਲਰਾਂ ਦੀ ਮੰਦ ਵਰਤੋਂ ਕਰਦੀ ਵੇਖੀ ਗਈ ਹੈ। ਇਸ ਖੇਤਰ ਵਿਚ ਫੰਡਾਂ ਦੀ ਕਿਸੇ ਕੁਵਰਤੋਂ ਨੂੰ ਨੰਗਿਆਂ ਕਰਨਾ ਮੇਰਾ ਫਰਜ਼ ਹੈ।

ਪੀ. ਸੀ. ਡੀ. ਆਰ. ਕੋਲੀਸ਼ਨ ਨੇ ਹਾਊਸ ਔਫ ਕਾਮਨਜ਼ ਵਿਚ ਪਹਿਲਾਂ ਹੀ ਮਿਲਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀਆਂ ਸੀਟਾਂ ਇਕੱਠੀਆਂ ਹਨ ਅਤੇ ਸਪੀਕਰ ਨੇ ਉਨ੍ਹਾਂ ਨੂੰ ਕੋਲੀਸ਼ਨ ਵਜੋਂ ਬਾਕਾਇਦਾ ਮਾਨਤਾ ਦੇ ਦਿੱਤੀ ਹੈ। ਇਸ ਦਾ ਅਰਥ ਹੈ ਕਿ ਹਾਊਸ ਔਫ ਕਾਮਨਜ਼ ਵਿਚ ਕੋਲੀਸ਼ਨ ਦੇ ਅਧਿਕਾਰੀਆਂ ਨੂ ਮਾਨਤਾ ਪ੍ਰਾਪਤ ਹੋਵੇਗੀ ਅਤ ਕੋਲੀਸ਼ਨ ਦੇ ਮੈਂਬਰ ਹਾਊਸ ਦੀਆਂ ਕਮੇਟੀਆਂ ਅਤੇ ਦੂਜੇ ਕੰਮਾਂ ਵਿਚ ਸ਼ਿਰਕਤ ਕਰਨਗੇ।

ਇਸ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਗ੍ਰਾਂਟ ਮਕੈਨਲੀ ਅੱਮ.ਪੀ. ਨੂੰ 604-466-2761 ਤੇ ਫੋਨ ਕਰ ਸਕਦੇ ਹੋ।

ਪੰਛੀਆਂ ਨੂੰ ਡਰਾਉਣ ਵਾਲੀਆਂ ਗੰਨਾਂ ਤੇ ਪਾਬੰਦੀ ਲਾਉਣ ਦੀ ਮੰਗ

ਪਿਛਲੇ ਦਿਨੀਂ ਪੰਛੀਆਂ ਨੂੰ ਡਰਾਉਣ ਵਾਲੀਆਂ ਧਮਾਕੇ ਪਾਊ ਗੰਨਾਂ ਤੇ ਪਾਬੰਦੀ ਲਾਉਣ ਦੀ ਮੰਗ ਕਰਨ ਵਾਲੇ ਲੋਕਾਂ ਦੇ ਇੱਕ ਗਰੁੱਪ ਵਲੋਂ ਅਗਰੀਕਲਚਰ,ਫੂਡ ਅਤੇ ਮੱਛੀਆਂ ਦੇ ਮੰਤਰੀ ਜੌਨ ਵੈਨ ਡਾਂਜਨ ਦੇ ਐਬਟਸਫੋਰਡ ਵਿਚਲੇ ਦਫਤਰ ਅੱਗੇ ਵਿਖਾਵਾ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਬਲਿਊਬੇਰੀ ਦੀ ਫਸਲ ਨੂੰ ਪੰਛੀਆਂ ਦੀ ਮਾਰ ਤੋਂ ਬਚਾਉਣ ਲਈ ਲੋਕਾਂ ਨੂੰ ਤੰਗ ਕਰਨ ਵਾਲੀਆਂ ਕੈਨਨਾਂ/ ਗੰਨਾਂ ਵਰਤਣ ਦੀ ਥਾਂ ਫਸਲਉਤੇ ਜਾਲ ਪਾਉਣਾ ਚਾਹੀਦਾ ਹੈ। ਇਉਂ ਕਰਨ ਨਾਲ ਫਸਲ ਦੀ 100 % ਬੱਚਤ ਹੋ ਸਕਦੀ ਹੈ: ਲੋਕਾਂ ਨੂੰ ਹੋਣ ਵਾਲੀ ਔਖਿਆਈ ਵੀ ਦੂਰ ਹੋ ਸਕਦੀ ਹੈ। ਗੰਨਾਂ ਦੇ ਧਮਾਕਿਆਂ ਨਾਲ ਕੇਵਲ 15 %ਬੱਚਤ ਹੁੰਦੀ ਹੈ। ਜਦੋਂ ਸਚਾਈ ਇਹ ਹੈ ਤਾਂ ਦੋ ਤਿੰਨ ਮਹੀਨੇ ਲੋਕਾਂ ਨੂੰ ਇਉਂ ਜਿੱਚ ਕਰਨਾ ਕਿਸੇ ਤਰ੍ਹਾਂ ਵੀ ਠੀਕ ਨਹੀਂ। ਚਾਰਟਰ ਔਫ ਰਾਈਟ ਅਧੀਨ ਸ਼ਾਂਤ ਜੀਵਨ ਜੀਣਾ ਲੋਕਾਂ ਦਾ ਜਮਹੂਰੀ ਹੱਕ ਹੈ। ਇਸ ਹੱਕ ਦਾ ਸਤਿਕਾਰ ਕਰਨਾ ਲੋਕਾਂ ਦਾ ਫਰਜ਼ ਹੈ ਅਤੇ ਇਸ ਦੀ ਉਲੰਘਣਾ ਨੂੰ ਰੋਕਣਾ ਸਰਕਾਰ ਦਾ ਕਰਤੱਵ ਹੈ।

ਹਾਈਵੇਅ ਦੇ ਸਾਈਨਬੋਰਡਾਂ ਤੇ ਕਿਹੜਾ ਨਾਂ ਲਿਖਿਆ ਜਾਵੇ

ਐਬਟਸਫੋਰਡ ਵਿਚ ਹਾਈਵੇਅ 1 ਤੇ ਲੱਗੇ ਸਾਈਨਬੋਰਡਾਂ ਬਾਰੇ ਪਿੱਛੇ ਜਿਹੇ ਦੋ ਸਰਵੇਖਣ ਕੀਤੇ ਗਏ। ਇੱਕ ਸੀ ਸੀ.ਵੀ. ਮਾਰਕਿਟਿੰਗ ਵਲੋਂ ਅਤੇ ਦੂਜਾ ਐਬਟਸਫੋਰਡ ਚੈਂਬੰਰ ਔਫ ਕਾਮ੍ਰਸ ਵਲੋਂ। ਇੱਕ ਵਿਚ ਬਹੁ ਗਿਣਤੀ ਲੋਕਾਂ ਨੇ ਇਹ ਆਖਿਆ ਕਿ ਹਾਈਵੇਅ ਦੇ ਸਾਈਨਬੋਰਡਾਂ ਉਪਰ ਐਬਟਸਫੋਰਡ ਦਾ ਨਾਂ ਉਭਰ ਕੇ ਆਉਣਾ ਚਾਹੀਦਾ ਹੈ। 30% ਲੋਕਾਂ ਨੇ ਰਾਇ ਦਿੱਤੀ ਕਿ ਜਿਵੇਂ ਚਲ ਰਿਹਾ ਹੈ ,ਠੀਕ ਹੈ। ਚੈਂਬਰ ਔਫ ਕਾਮ੍ਰਸ ਵਾਲੇ ਸਰਵੇਖਣ ਵਿਚ 96%ਲੋਕਾਂ ਨੇ ਕਿਹਾ ਕਿ ਐਬਟਸਫੋਰਡ ਹੋਣਾ ਚਾਹੀਦਾ ਹੈ। ਇਸ ਸਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਾਉਂਸਲਰ ਰੈਡ ਕੌਪ ਨੇ ਕਿਹਾ ਕਿ ਸਭ ਤੋਂ ਜ਼ਿਆਦਾ ਭੰਬਲ ਭੁਸੇ ਵਿਚ ਪਾਉਣ ਵਾਲਾ ਬੋਰਡ ਹੈ ਸ਼ਹਿਰ ਦੇ ਬਾਹਰ ਪੱਛਮ ਵਲ .ਜਿੱਥੇ ਲਿਖਿਆ ਹੈ "ਐਬਟਸਫੋਰਡਵਿਚ ਜੀ ਆਇਆਂ ਨੂੰ"ਪਰ ਥੋੜ੍ਹਾ ਅੱਗੇ ਆਓ ਤਾਂ ਲਿਖਿਆ ਮਿਲੇ ਗਾ"ਐਬਟਸਫੋਰਡ ਪੰਜ ਕਿਲੋਮੀਟਰ"। ਇਹ ਭੰਬਲ ਭੁਸਾ ਖਤਮ ਹੋਣਾ ਚਾਹੀਦਾ ਹੈ। ਕੁੱਝ ਲੋਕਾਂ ਨੇ ਵਿਚਾਰ ਦਿੱਤਾ ਕਿ ਕਲੀਅਰ ਬਰੁੱਕ ਦਾ ਨਾ ਕਿਸੇ ਨਾ ਕਿਸੇ ਰੂਪ ਵਿਚ ਰਹਿਣਾ ਚਾਹੀਦਾ ਹੈ। ਜਿਵੇਂ ਕਲੀਅਰ ਬਰੁੱਕ ਰੋਡ ਐਗਜ਼ਿਟ ਤੇ "ਕਲੀਅਰ ਬਰੱਕ ਰੋਡ,ਐਬਟਸਫੋਰਡ " ਲਿਖਣਾ ਬਹੁਤ ਢੁਕਵਾਂ ਹੋਵੇਗਾ। ਇਸੇ ਤਰ੍ਹਾਂ ਹੋਰ ਛੋਟੇ ਛੋਟੇ ਤਿਹਾਸਕ ਨਾਂ ਵੀ ਸੁਰੱਖਿਅਤ ਰਹਿਣੇ ਚਾਹੀਦੇ ਹਨ।

ਬੰਬ ਦੀ ਧਮਕੀ ਨਾਲ ਸਕੂਲਾਂ ਵਿਚ ਘਬਰਾਹਟ

ਕੁੱਝ ਦਿਨ ਪਹਿਲਾਂ ਐਬਟਸਫੋਰਡ ਦੇ ਸਕੂਲਾਂ ਵਿਚ ਉਪਰੋਥਲੀ ਬੰਬ ਦੀਆਂ ਦਮਕੀਆਂ ਮਿਲੀਆਂ ਜਿਸ ਕਰਕੇ ਸਕੂਲ ਬੰਦ ਕਰਨੇ ਪਏ ਅਤੇ ਵਿਦਿਅਰਥੀਆਂ ਨੂੰ ਸਕੂਲੋਂ ਘਰ ਵਾਪਸ ਭੇਜਣਾ ਪਿਆ। ਐਬਟਸਫੋਰਡ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਗਲੈਨ ਰੋਜਰ ਦਾ ਕਹਿਣਾ ਹੈ ਕਿ ਇਹ ਠੀਖ ਹੈ ਕਿ ਬਹੁਤ ਵਾਰੀਂ ਅਜਿਹੀਆਂ ਧਮਕੀਆਂ ਫੋਕੀਆਂ ਨਿਕਲੀਆਂ ਹਨ ਪਰ ਅਸੀ ਕਿਸੇ ਵੀ ਸਮੇਂ ਕੋਈ ਅਣਗਹਿਲੀ ਨਹੀਂ ਕਰ ਸਕਦੇ। ਇਨਸਾਨੀ ਜੀਵਨ ਨੂੰ ਜੁਏ ਤੇ ਨਹੀਂ ਲਾਇਆ ਜਾ ਸਕਦਾ। ਮੌਟ ਸੀਨੀਅਰ ਵਿਚ ਵੀਧਮਕੀ ਮਿਲੀ ਅਤੇ ਉਥੇ ਵੀ ਇੰਜ ਹੀ ਕਰਨਾ ਪਿਆ। ਇਨ੍ਹਾਂ ਘਟਨਾਵਾਂ ਨੂੰ ਮੁੱਖ ਰਖਦਿਆਂ ਪੁਲਸ ਨੇ ਆਮ ਜੰਤਾ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਅਜਿਹੀਆਂ ਧਮਕੀਆਂ ਦੇਣ ਵਾਲੇ ਬਾਰੇ ਕੋਈ ਸੂਹ ਹੋਵੇ ਤਾਂ ਉਹ 604-859-5225 ਤੇ ਫੋਨ ਕਰਕੇ ਪੁਲਸ ਨੂੰ ਸੂਚਿਤ ਕਰਨ ਦੀ ਕਿਰਪਾ ਕਰੇ

ਨਾਬਾਲਗਾ ਨੂੰ ਸ਼ਰਾਬ ਨਾ ਵੇਚਣ ਬਾਰੇ ਰਾਸ਼ਟਰ ਪੱਧਰੀ ਮੁਹਿੰਮ

ਕੈਨੇਡਾ ਭਰ ਦੇ ਲਿੱਕਰ ਸਟੋਰ ਅਤੇ ਕਾਰਪੋਰੇਸ਼ਨਾਂ ਮਿਲਕੇ ਇੱਕ ਮੁਹਿੰਮ ਚਲਾ ਰਹੇ ਹਨ ਜਿਸ ਰਾਹੀਂ ਆਮ ਜਾਗ੍ਰਿਤੀ ਪੈਦਾ ਕਰਨ ਦਾ ਉਦੇਸ਼ ਹੈ ਕਿ ਨਾਬਾਲਗਾਂ ਨੂੰ ਸ਼ਰਾਬ ਨਾ ਵੇਚੀ ਜਾਵੇ ਕਿਉਂਕਿ ਇਹ ਸਦਾਚਾਰਕ ਤੌਰ ਤੇ ਵੀ ਠੀਕ ਨਹੀਂ ਅਤੇ ਕਾਨੂੰਨ ਦੀ ਵੀ ਉਲੰਘਣਾ ਹੈ। ਚੇਤੇ ਰੱਖਣਾ ਚਾਹੀਦਾ ਹੈ ਕਿ ਜੇ ਕੋਈ ਬਾਲਗ ਕਿਸੇ ਨਾਬਾਲਗ ਨੂੰ ਸ਼ਰਾਬ ਖਰੀਦ ਕੇ ਦਿੰਦਾ ਹੈ ਤਾਂ ਉਹ ਕਾਨੂੰਨ ਦੀ ਓਲੰਘਣਾ ਕਰਨ ਦੇ ਨਾਲ ਨਾਲ ਇਖਲਾਕੀ ਭੁੱਲ ਵੀ ਕਰ ਰਿਹਾ ਹੁੰਦਾ ਹੈ। ਇਸ ਮੁਹਿੰਮ ਵਿਚ ਇਹ ਸਾਰੀਆਂ ਗੱਲਾਂ ਲੋਕਾਂ ਦੇ ਧਿਆਨ ਗੋਚਰ ਲਿਆਦੀਆਂ ਜਾਣਗੀਆਂ। ਇਸ ਮੁਹਿੰਮ ਦੇ ਸੰਚਾਲਕ ਲਿੱਕ ਸਟੋਰ ਅਤੇ ਕਾਰਪੋਰੇਸ਼ਨਾਂ ਆਸਵੰਦ ਹਨ ਕਿ ਇਸ ਹੰਭਲੇ ਨਾਲ ਸਿਹਤਮੰਦ ਰੁਝਾਨ ਪੈਦਾ ਹੋਵੇਗਾ ਜੋ ਨਾਬਾਲਗਾਂ ਨੂੰ ਸ਼ਰਾਬ ਦੇ ਭੈੜੇ ਅਸਰ ਤੋਂ ਬਚਾਉਣ ਵਿਚ ਕਾਫੀ ਸਹਾਈ ਹੋਵੇਗਾ। ਹਰ ਬਾਲਗ ਨੂੰ ਸਮਾਜਕ ਫਰਜ਼ ਪਛਾਣਦਿਆਂ ਇਸ ਵਿਚ ਆਪਣੇ ਵਿਤ ਅਨੁਸਾਰ ਹਿੱਸਾ ਪਾਉਣਾ ਚਾਹੀਦਾ ਹੈ।

ਆਬਾਦੀ ਦੇ ਵਧਣ ਪਖੋਂ ਵੈਨਕੂਵਰ ਏਰੀਆ ਕੇਵਲ ਟ੍ਰਾਂਟੋ ਤੋਂ ਫਾਡੀ

ਭਾਵੇਂ ਪਿਛਲੇ ਕੁੱਝ ਸਾਲਾਂ ਦੌਰਾਨ ਬਹੁਤ ਸਾਰੇ ਲੋਕ ਅਲਬਰਟਾ ਦੇ ਆਕਰਸ਼ਕ ਵਿਕਾਸ ਨੂੰ ਵੇਖਕੇ ਉਥੇ ਚਲੇ ਗਏ ਪਰ ਨਵੇਂ ਆਵਾਸੀਆਂ ਦੇ ਆਉਣ ਨਾਲ ਬੀ.ਸੀ. ਦੀ ਆਬਾਦੀ ਵਿਚ ਕੋਈ ਘਾਟ ਨਹੀਂ ਆਈ। ਅੰਕੜਾ ਵਿਭਾਗ ਕੈਨੇਡਾ ਦੇ ਅੰਕੜੇ ਇਹ ਹਾਮੀ ਭਰਦੇ ਹਨ ਕਿ ਬੀ.ਸੀ. ਦੀ ਆਬਾਦੀ ਵਿਚ 0.9% ਦਾ ਵਾਧਾ ਹੋਇਆ ਅਤੇ ਇਹ ਵਧਕੇ 4.1 ਮਿਲੀਅਨ ਹੋ ਗਈ ਹੈ।ਪੂਰੇ ਦੇਸ਼ ਦੀ ਆਬਾਦੀ 1% ਵਧੀ ਹੈ ਜੋ ਬੀ.ਸੀ ਦੇ ਵਾਧੇ ਨਾਲੋਂ ਨਾਮਾਤ੍ਰ ਹੀ ਵੱਧ ਹੈ। 12689 ਆਦਮੀ ਇਥੋਂ ਬਾਹਰ ਗਏ ਅਤੇ 39400 ਆਵਾਸੀ ਇਥੇ ਆ ਵਸੇ। ਇਹ ਅੰਕੜੇ 1 ਜੁਲਾਈ 2000 ਤੋਂ 1 ਜੁਲਾਈ 2001 ਸਬੰਧੀ ਹਨ। ਪਰ ਜੇ ਪਿਛਲੇ 10 ਸਾਲਾਂ ਵਲ ਵੇਖਿਆ ਜਾਵੇ ਤਾਂ 21.4% ਦਾ ਹੋਇਆ ਵਾਧਾ ਸਾਰੇ ਸੂਬਿਆਂ ਤੋਂ ਵਧੱ ਸੀ। ਇਸ ਪਖੋਂ ਅਲਬਟਰਾ ਦੂਜੇ ਨੰਬਰ ਤੇ ਰਿਹਾ ਜਿਥੇ ਇਸੇ ਸਮੇਂ ਵਿਚ 18.2% ਦਾ ਵਾਧਾ ਹੋਇਆ। ਅਰਬਨ ਫਿਊਚਰ ਇਨਸਟੀਚਿਊਟ ਦੇ ਨਿਰਦੇਸ਼ਕ ਡੇਵਿਡ ਬਾਕਸਟਰ ਦਾ ਕਹਿਣਾ ਹੈ ਕਿ ਬਹੁਤੇ ਲੋਕ ਦੱਖਣੀ ਓਨਟੋਰੀਓ, ਦੱਖਣੀ ਅਲਬਰਟਾ, ਦੱਖਣੀ ਬੀ.ਸੀ.ਵਿਚ ਆਏ। ਸਮੁੱਚੇ ਤੌਰ ਤੇ ਵੈਨਕੂਵਰ ਕੇਵਲ ਟ੍ਰਾਂਟੋ ਤੋਂ ਹੀ ਪਿੱਛੇ ਰਿਹਾ।

ਅਮ੍ਰੀਕਨ ਦੁਖਾਂਤ ਦਾ ਸਥਾਨਕ ਏਅਰਪੋਰਟ ਦੇ ਟ੍ਰੈਫਿਕ ਤੇ ਪਿਆ ਪ੍ਰਭਾਵ ਨਾਮਾਤ੍ਰ

ਅਮ੍ਰੀਕਨ ਦੁਖਾਂਤ ਦੇ ਫਲਸਰੂਪ ਵੈਨਕੂਵਰ ਦੀ ਅੰਤਰ ਰਾਸ਼ਟਰੀ ਏਅਰਪੋਰਟ ਤੇ ਸਕਿਓਰਿਟੀ ਕਰੜੀ ਕੀਤੇ ਜਾਣ ਨਾਲ ਯਾਤ੍ਰੀਆਂ ਨੂੰ ਕਾਫੀ ਦੇਰ ਉਥੇ ਉਡੀਕ ਲਰਨੀ ਪੈਂਦੀ ਹੈ। ਇਸ ਕਰਕੇ ਕੈਨੇਡਾ ਦੇ ਅੰਦਰ ਅੰਦਰ ਸਫਰ ਕਰਨ ਵਾਲੇ ਐਬਟਸਫੋਰਡ ਦੀ ਏਅਰਪਰਟ ਵਲ ਆ ਰਹੇ ਹਨ। ਇਹ ਏਅਰਪੋਰਟ ਛੋਟੀ ਹੋਣ ਕਰਕੇ ਸਹੀ ਤੌਰ ਤੇ ਸਕਿਓਰਿਟੀ ਚੈਕ ਕਰਨ ਤੇ ਵੀ ਬਹੁਤਾ ਸਮਾਂ ਨਹੀਂ ਲਗਦਾ ਤੇ ਮਸਾਫਰਾਂ ਨੂੰ ਲੰਬੀ ਉਡੀਕ ਨਹੀਂ ਕਰਨੀ ਪੈਂਦੀ। ਵੈਨਕੂਵਰ ਤਾਂ ਕਈ ਉਡਾਨਾਂ ਵੀ ਇਸੇ ਕਰਕੇ ਲੇਟ ਹੋ ਜਾਂਦੀਆਂ ਹਨ। ਐਬਟਸਫੋਰਡ ਏਅਰਪਰਟ ਦੇ ਮੈਨੇਜਰ ਕਰਟਿਸ ਗ੍ਰੈਡ ਦਾ ਕਹਿਣਾ ਹੈ ਕਿ ਅਮ੍ਰੀਕਨ ਦੁਖਾਂਤ ਉਪਰੰਤ ਹੁਣ ਤਕ ਇੱਥੇ ਕੇਵਲ ਇਕ ਉਡਾਨ ਹੀ ਕੈਂਸਲ ਹੋਈ ਅਤੇ ਉਹ ਵੀ ਮੌਸਮ ਦੀ ਖਰਾਬੀ ਕਰਕੇ। ਉਨ੍ਹਾਂ ਦਸਿੱਆ ਕਿ ਸਾਡੀਆਂ ਉਡਾਨਾਂ ਐਨ ਸਮੇਂ ਸਿਰ ਚਲ ਰਹੀਆਂ ਹਨ।

ਬੀ.ਸੀ.ਟੀਚਰਜ਼ ਫੈਡ੍ਰੇਸ਼ਨ ਵਲੋਂ ਹੜਤਾਲ ਕਰਨ ਦੀਆਂ ਵਿਚਾਰਾਂ

ਬੀ.ਸੀ.ਟੀਚਰਜ਼ ਫੈਡ੍ਰੇਸ਼ਨ ਦੇ 85 ਸਾਲਾਂ ਦੇ ਇਤਿਹਾਸ ਵਿਚ ਫੈਡ੍ਰੇਸ਼ਨ ਪਹਿਲੀ ਵਾਰ 9-10 ਅਕਤੂਬਰ ਨੂੰ ਆਪਣੇ ਮੈਂਬਰ ਟੀਚਰਾਂ ਦੀਆਂ ਵੋਟਾਂ ਰਾਹੀ ਇਹ ਫੈਸਲਾ ਕਰੇਗੀ ਕਿ ਕੀ ਉਹ ਆਪਣੀਆਂ ਮੰਗਾਂ ਮਨਵਾਉਣ ਲਈ ਹੜਤਾਲ ਕਰਗੇ। ਫੈਡ੍ਰੇਸ਼ਨ ਦੀ ਐਬਟਸਫੋਰਡ ਇਕਾਈ ਦੀ ਪ੍ਰਧਾਨ ਡੈਬਰਾ ਦਾ ਕਹਿਣਾ ਹੈ ਕਿ ਹੜਤਾਲ ਸਾਡਾ ਗੋਲ ਨਹੀਂ ਅਸੀਂ ਹੜਤਾਲ ਨਹੀਂ ਕਰਨਾ ਚਾਹੁੰਦੇ। ਪਰ ਉਨ੍ਹਾਂਕਿਹਾ ਕਿ ਇਸ ਸਮੇਂ ਸਾਡੀਆਂ ਮੰਗਾਂ ਦੇ ਸਵਾਲ ਤੇ ਐਂਪਲਾਇਰਜ਼ ਅਤੇ ਫੈਡ੍ਰੇਸ਼ਨ ਇਕ ਦੂਜੇ ਤੋਂ ਦੂਰ ਬੈਠੇ ਹਨ। ਇਸੇ ਦੂਰੀ ਕਾਰਨ ਸਾਨੂੰ ਹੜਤਾਲ ਬਾਰੇ ਸੋਚਣਾ ਪੈ ਰਿਹਾ ਹੈ। ਵਿਦਿਆਰਥੀਆਂ ਦੇ ਹਿਤਾਂ ਤੋਂ ਅਸੀਂ ਭਲੀ ਭਾਂਤ ਸੁਚੇਤ ਹਾਂ ਪਰ ਪਬਲਿਕ ਸਕੂਲ ਐਂਪਲਾਇਰਜ਼ ਐਸੋਸੀਏਸ਼ਨ ਵਲੋਂ ਆਉਣ ਵਾਲੇ ਸਮੇਂ ਵਿਚ ਕਲਾਸਾਂ ਦੇ ਸਾਈਜ਼ ਦੀ ਹੱਦ ਨੂੰ ਖਤਮ ਕਰਨਾ, ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਂਰਥੀਆਂ ਦੀ ਜ਼ਰੂਰੀ ਸਹਾਇਤਾ ਬੰਦ ਕਰਨ ਵਰਗੇ ਕੁੱਝ ਅਜਿਹੇ ਕਦਮ ਹਨ ਜੋ ਸਿਖਿਆ ਅਤੇ ਸਿਖਿਆਰਥੀਆਂ ਦੇ ਹਿਤਾਂ ਨੂੰ ਸੱਟ ਮਾਰਦੇ ਹਨ ਅਤੇ ਅਧਿਆਪਕਾਂ ਲਈ ਹੋਰ ਕਠਨਾਈ ਪੈਦਾ ਕਰਦੇ ਹਨ। ਉਧਰ ਐਪਲਾਇਰਜ਼ ਐਸੋਸੀਏਸ਼ਨ ਟੀਚਰਾਂ ਦੀਆਂ ਮੰਗਾਂ ਨੂੰ ਨਾਵਾਜਬ ਦਸ ਰਹੀ ਹੈ। ਇਹੀ ਪਾੜਾ ਅਤੇ ਵਿਚਾਰਾਂ ਦਾ ਮੱਤਭੇਦ ਹੜਤਾਲ ਦਾ ਕਾਰਨ ਬਣਦਾ ਪ੍ਰਤੀਤ ਹੋ ਰਿਹਾ ਹੈ। ਜੇ ਫੈਡ੍ਰੇਸ਼ਨ ਨੂੰ ਹੜਤਾਲ ਕਰਨ ਦਾ ਹਾਂ ਪੱਖੀ ਹੁੰਗਾਰਾ ਮਿਲਦਾ ਹੈ ਤਾਂ ਟੀਚਰ ਪਹਿਲਾਂ ਕੇਵਲ ਨਾਨ-ਟੀਚਿੰਗ ਡਿਉਟੀ ਕਰਨ ਤੋਂ ਨਾਂਹ ਕਰਨਗੇ। ਇਹ ਉਨ੍ਹਾਂ ਦਾ ਫੈਸਲਾ ਹੈ।

ਪੰਜਾਬੀ ਪਤਰਕਾ ਵਿਚ ਛਪੇ ਲੇਖ ਬਾਰੇ ਰੇਡੀਓ ਪੰਜਾਬ ਉਤੇ ਟਾਕ ਸ਼ੋਅ

"ਪੰਜਾਬੀ ਪਤ੍ਰਿਕਾ" ਵਿਚ ਛਪੇ ਹਰਭਜਨ ਸਿੰਘ 'ਮਾਂਗਟ' ਦੇ ਲੇਖ "ਲੱਚਰ ਗਾਇਕੀ ਤੇ ਅਸੀਂ ਪੰਜਾਬੀ" ਉਤੇ ਰੇਡੀਓ ਪੰਜਾਬ ਵਲੋਂ ਟਾਕ ਸ਼ੋਅ ਕੀਤਾ ਗਿਆ। ਸਰੀ (ਵਿਸ਼ੇਸ਼ ਪ੍ਰਤੀਨਿਧ):- ਪਿਛਲੇ ਦਿਨੀਂ ਇਥੇ ਰੇਡੀਓ ਪੰਜਾਬ ਤੋਂ ਉਘੇ ਲੇਖਕ ਤੇ ਕਵੀ ਹਰਭਜਨ ਸਿੰਘ 'ਮਾਂਗਟ' ਦੇ 'ਪੰਜਾਬੀ ਪਤ੍ਰਿਕਾ' ਵਿਚ ਛਪੇ ਇਕ ਲੇਖ 'ਲੱਚਰ ਗਾਇਕੀ ਤੇ ਅਸੀਂ ਪੰਜਾਬੀ' ਉਤੇ ਰੇਡੀਓ ਪੰਜਾਬ ਵਲੋਂ ਇਕ ਟਾਕ ਸ਼ੋਅ ਕੀਤਾ ਗਿਆ। ਹੋਸਟ ਸਨ ਪ੍ਰੋ: ਗੁਰਵਿੰਦਰ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਮਾਂਗਟ। ਅੰਤ ਤੇ ਨਵੀਂ ਪੀੜ੍ਹੀ ਨੂੰ ਮਾਂਗਟ ਜੀ ਨੇ ਸੁਨੇਹਾ ਦਿਤਾ ਕਿ 'ਚੰਗੇ ਗੀਤ ਸੁਣੋ। ਆਪਣੇ ਵਿਰਸੇ ਨਾਲ ਤੇ ਸਭਿਆਚਾਰ ਨਾਲ ਜੁੜੋ। ਚੰਗੇ ਗਾਇਕ ਹੀ ਸੁਣੋ। ਲੱਚਰ ਗਾਇਕੀ ਤੇ ਲੱਚਰ ਗਾਇਕ ਨਹੀਂ।" ਮਾਂਗਟ ਜੀ ਨੂੰ ਰੇਡੀਓ ਤੇ ਅਕਸਰ ਟਾਕ ਸ਼ੋਅ ਲਈ ਬੁਲਾਇਆ ਜਾਂਦਾ ਹੈ - ਗ਼ਜ਼ਲ ਬਾਰੇ ਵੀ ਟਾਕ ਸ਼ੋਅ ਕੀਤਾ ਜਾ ਚੁੱਕਾ ਹੈ।

Brighter Futures Start With Kumon.

The world's most popular after-school learning program!

It's never too early to start planning for the future. That's why now is the best time to enroll in Kumon, the world's most popular after-school learning program.

By improving math and reading skills, strengthening study habits and increasing self-confidence, Kumon's convenient and affordable programs build the foundation your kids need for a lifetime of success.

To learn more, visit your local Kumon Centre, or call **1-800-ABC-MATH** to find the Kumon Centre near you.

KUMON® MATH & READING CENTRES

Learning How To Learn℠

1-800-ABC-MATH

Reading available at participating Centres.
Visit us at: **www.Kumon.com**

SURREY

Guildford Kumon Centre
Boardwalk Plaza, 10160 152nd St.
Mrs. Arlene Miljure 590-4347

Strawberrry Hill Kumon Centre
Strawberry Hill Public Library, 7399 122nd St.
Mrs. Updesh Nagpal 596-7626 or 761-7627 (cell)

Newton Crossing Kumon Centre
Newton Library, 13795 70th Ave.
Mrs. Arlene Miljure 590-4347

BURNABY

Westwood & Burnaby South Kumon Centre
Emmaus Luthern Church, 6344 Sperling Ave.
Mr. Theo Witijono 942-2558

MISSION

Mission Kumon Centre
Cedar Valley Mennonite Church, 32840 Janzen Ave.
Mrs. Lucia Limantoro 864-2782

CHILLIWACK

Chilliwack Kumon Centre
St. John's Church Hall, 46098 Higginson Rd.
Mr. Wiggy Limantoro 864-2782

KUMON® MATH & READING CENTRES

ABBOTSFORD

Matsqui Kumon Centre
Abbotsford Pentacostal Assembly, 3145 Gladwin Rd.
Mr. Wiggy Limantoro 864-2782

Clearbrook Kumon Centre
King Road Mennonite Brethern Church, 32068 King Rd.
Mrs. Shirley Tam 855-7896

Whatcom Kumon Centre
Mountain Park Community Church, 36232 Lower Sumas Mountain Rd.
Mrs. Jany Wong 855-3438

Sandy Hill Kumon Centre
Sandy Hill Elementary, 3836 Old Claybum Rd.
Mrs. Shirley Tam 855-7896

ਸਮਾਚਾਰ ਤੇ ਵਿਚਾਰ

ਸਭੇ ਨਜਰਾਂ ਅਫਗਾਨਸਤਾਨ 'ਤੇ

11 ਸਤੰਬਰ ਨੂੰ ਅਮਰੀਕਾਦੇ ਦੋ ਮਹਾਂ ਨਗਰਾਂ ਨਿਉਯਾਰਕ ਦੇ ਵਰਲਡ ਟ੍ਰੇਡ ਸੈਂਟਰ ਜੋ ਕਿ ਆਰਥਕ ਸ਼ਕਤੀ ਦਾਪ੍ਰਤੀਕ ਹੈ ਅਤੇ ਵਸ਼ਿੰਗਟਨ ਵਿਚ ਪੈਂਟੇਗਾਨ ਜੋ ਕਿ ਅਮਰੀਕਾਦੀ ਫੌਜੀ ਤਾਕਤ ਦਾਪ੍ਰਤੀਕ ਕੇਂਦਰ ਹੈ ਵਿਖੇ ਵਾਪਰੇ ਭਿਆਨਕ ਦੁਖਾਂਤ ਪਿਛੋਂ ਸੰਸਾਰ ਭਰ ਦੇ ਲੋਕ ਦਹਿਸ਼ਤ ਗਰਦੀ ਵਿਰੁਧ ਰੋਹ ਅਤੇ ਗੁਸੇ ਵਿਚ ਆਗਏ। ਜਿਥੇ ਉਨਾਂ ਅਮਰੀਕਨਾਂ ਨਾਲ ਹਮਦਰਦੀ ਜਿਤਾਈ ਅਤੇ ਉਨਾਂ ਦੇ ਦੁਖ ਵਿਚ ਸ਼ਰੀਕ ਹੋਏ ਉਥੇ ਦਹਿਸ਼ਤਗਰਦੀ ਵਿਰੁਧ ਕੌਮਾਂਤਰੀ ਕੁਲੀਸ਼ਨ ਕਾਇਮ ਕਰਨ ਲਈ ਵੀ ਪ੍ਰਧਾਨ ਬੁਸ਼ ਦੇ ਯਤਨਾਂ ਵਿਚ ਸਹਾਈ ਹੋ ਰਹੇ ਹਨ ਅਤੇ ਹਰ ਤਰ੍ਹਾਂ ਦੀ ਸਹਾਇਤਾਅਤੇ ਸਮਰਥਨ ਦਾ ਐਲਾਨ ਕਰ ਰਹੀਆਂ ਹਨ ਸਾਰੇ ਹੀ ਦੇਸ਼ਾਂ ਦੀਆਂ ਸਰਕਾਰਾਂ। ਸਾਰੀ ਦੁਨੀਆਂ ਨੂੰ ਪਹਿਲੇ ਦਿਨਾਂ ਵਿਚ ਚਿੰਤਾਂ ਅਤੇ ਤੋਖਲਾਸੀ ਕਿ ਅਮਰੀਕਾਜਲਦੀ ਵਿਚ 12 ਜਾਂ 13 ਸਤੰਬਰ ਨੂੰ ਹੀ ਅਫਗਾਨਸਤਾਨ ਉਤੇ ਬੰਬਾਰੀ ਸ਼ੁਰੂ ਕਰ ਦੇਵੇਗਾਅਤੇ ਇਸਤਰ੍ਹਾਂ ਤੀਜੀ ਜੰਗ ਸ਼ੁਰੂ ਹੋ ਜਾਏਗੀ। ਇਹ ਸੋਚ ਆਮ ਜਨਸਧਾਰਨ ਦੀ ਸੀ। ਪਰ ਅਮਰੀਕਾਦੇ ਸਿਆਣੇ, ਸੁਲਝੇ ਅਤੇ ਦੂਰ ਅੰਦੇਸ਼ ਨੇਤਾਵਾਂ ਨੇ ਇਸ ਸੰਕਟ ਸਮੇਂ ਸਬਰ-ਤਹੱਮਲ ਅਤੇ ਸਮਝ ਤੋਂ ਕੰਮ ਲਿਆਹੈ। ਉਹ ਘਟ ਤੋਂ ਘਟ ਨੁਕਸਾਨ ਕਰਕੇ ਆਪਣੇ ਨਿਸ਼ਾਨੇ ਨੂੰ ਪੂਰਾਕਰਨਾਚਾਹੁੰਦੇ ਹਨ। ਨਿਸ਼ਾਨਾਉਨਾਂ ਦਾਕਹਿਰ ਅਤੇ ਕਿਆਮਤ ਢਾਹੁਣ ਦੇ ਜ਼ੁਮੇਵਾਰ ਗਰਦਨੇ ਗਏ ਓਸਾਮਾਬਿਨਲਾਦੇਨ ਨੂੰ ਕਾਨੂੰਨ ਦੇ ਹਵਾਲੇ ਕਰਕੇ ਇਨਸਾਫ ਪ੍ਰਾਪਤ ਕਰਨਾਹੈ ਅਤੇ ਦੁਨੀਆਂ ਭਰ ਵਿਚ ਦਹਿਸ਼ਤ ਗਰਦੀ ਵਿਰੁਧ ਜੰਗ ਦੀ ਅਗਵਾਈ ਕਰਕੇ ਸੰਸਾਰ ਨੂੰ ਦਹਿਸ਼ਤਗਰਦੀ ਤੋਂ ਮੁਕਤ ਕਰਨਾਹੈ।

ਇਸਲਈ ਡਿਪਲੋਮੇਟਿਕ ਫਰੰਟ ਉਤੇ ਅਮਰੀਕਨਾਂ ਦੀ ਭਾਰੀ ਜਿਤ ਹੋਈ ਹੈ। ਦੁਨੀਆਂ ਭਰਦੇ 189 ਦੇਸਾਂ ਵਿਚੋਂ ਕੇਵਲ ਤਾਲਬਾਨਾਂ ਦੀ ਅਖੌਤੀ ਸਰਾਕਰ ਨੂੰ ਛਡਕੇ ਕੋਈ ਵੀ ਅਜੇਹੀ ਸਰਕਾਰ ਨਹੀਂ ਜੋ ਇਸ ਨਿਸ਼ਾਨੇ ਪ੍ਰਤੀ ਸਹਿਯੋਗੀ ਨਾਹੋਵੇ। ਵਡੀਆਂ ਸ਼ਕਤੀਆਂ ਰੂਸ, ਚੀਨ, ਭਾਰਤ ਅਤੇ ਇੰਗਲੈਂਡ, ਫਰਾਂਸ, ਜਰਮਨ ਸਮੇਤ ਨੈਟੋ ਦੇਸਾਂ ਦੇ ਸਾਰੇ ਹੀ ਅਮਰੀਕਨਾਂ ਦੇ ਨਾਲ ਹਨ।

ਤਾਲਬਾਨ ਸਰਕਾਰ ਨੂੰ ਕੇਵਲ ਤਿੰਨ ਦੇਸਾਂ ਨੇ ਹੀ ਮਾਨਤਾਦਿਤੀ ਹੈ ਜਦੋਂ 1996 ਤੋਂ ਉਹ ਅਫਗਾਨਸਤਾਨ ਵਿਚ ਕਾਬਜ਼ ਹੋਏ ਹਨ। ਪਾਕਿਸਤਾਨ ਨੂੰ ਛਡਕੇ ਬਾਕੀ ਦੋ ਸਾਉਦੀ ਅਰਬ ਅਤੇ ਯੁਨਾਈਟਿਡ ਅਰਬ ਇਮਰਾਟਸ (ਯੂ.ਏ.ਈ.) ਨੇ ਅਫਗਦਾਨਸਤਾਨ ਦੀ ਤਾਲਬਾਨ ਸਰਕਾਰ ਦੀ ਮਾਨਤਾਖਤਮ ਕਰ ਦਿਤੀ ਹੈ ਅਤੇ ਉਸ ਨਾਲੋਂ ਸੰਬੰਧ ਤੋੜ ਲਏ ਹਨ। ਕੇਵਲ ਪਾਕਿਸਤਾਨ ਕੁਝ ਮਜ਼ਬੂਰੀਆਂ ਦੇ ਵਸ ਉਸ ਨਾਲ ਸਬੰਧ ਰਖ ਰਿਹਾਹੈ। ਦੂਜੇ ਪਾਸੇ ਉਤਰੀ ਗਠਜੋੜ ਜੋ ਕਿ ਤਾਲਬਾਨ ਦਾਵਿਰੋਧੀ ਹੈ ਅਤੇ ਦਸਵੇਂ ਕੁ ਹਿਸੇ ਉਤੇ ਕਾਬਜ਼ ਵੀ ਹੈ ਲਗਾਤਾਰ ਕੌਮਾਂਤਰੀ ਭਾਈਚਾਰੇ ਤੋਂ ਸਹਾਇਤਾਅਤੇ ਸਮਰਥਨ ਪ੍ਰਾਪਤ ਕਰ ਰਿਹਾਹੈ। ਰੁਬਾਨੀ ਸਰਕਾਰ ਨੂੰ 35 ਦੇਸਾਂ ਦੀ ਮਾਨਤਾਹੈ ਅਤੇ ਯੂ.ਐਨ.ਓ. ਵਿਚ ਵੀ ਉਸਦੀ ਨੁਮਾਇੰਦਗੀ ਹੈ। ਇਹ ਤਾਂ ਹੈ ਅਫਗਾਨਸਤਾਨ ਤੋਂ ਬਾਹਰੀ ਜਗਤ ਨਾਲ ਕਟੀ ਹੋਈ ਤਾਲਬਾਨ ਸਰਕਾਰ ਦਾਹਾਲ। ਅਤੇ ਸਾਰੇ ਗੁਆਂਢੀਆਂ ਪਾਕਿਸਤਾਨ ਨੂੰ ਛਡਕੇ ਵੈਰ ਸਹੇੜੀ ਬੈਠੀ ਹੈ ਇਹ ਜਨੂੰਨੀ ਕਟੜ ਪੰਥੀ ਮੁਸਲਿਮ ਸਰਕਾਰ ਤਾਲਬਾਨਾਂ ਦੀ। ਚੀਨ, ਉਜ਼ਬੇਕਸਤਾਨ, ਤੁਰਕਮੇਨੀਆਸਤਾਨ, ਤਾਜ਼ਕਸਤਾਨ ਅਤੇ ਈਰਾਨ ਨੇ ਆਪਣੀਆਂ ਸਰਹਦਾਂ ਬੰਦ ਕੀਤੀਆਂ ਹੋਈਆਂ ਹਨ। ਕੇਵਲ ਤੇ ਕੇਵਲ ਉਸਦੀ ਹਮਦਰਦ ਹੈ ਪਾਕਿਸਤਾਨ ਉਹ ਵੀ ਅੰਦਰੋ-ਅੰਦਰ, ਬਾਹਰ ਉਸਨੂੰ ਵੀ ਅਮਰੀਕਨ ਦਬਾਅ ਝਲਣਾਪੈ ਰਿਹਾਹੈ। ਏਸੇ ਕਰਕੇ ਸਰਕਾਰ ਪੈਂਤੜੇ ਬਦਲਦੀਰਹਿੰਦੀ ਹੈ। ਅਮਰੀਕਨਾਂ ਖਿਲਾਫ ਹੋ ਰਹੇ ਮੁਜਾਹਰਿਆਂ ਨੂੰ ਠਲ ਪਾਉਣ ਦੇ ਆਯੋਗ ਸਿਧ ਹੋਈ ਹੈ ਮੁਸ਼ਰਫ ਪ੍ਰਵੇਜ਼ ਦੀ ਸਰਕਾਰ ਅਤੇ ਮੁਕਾਬਲੇ ਉਤੇ ਕੇਵਲ ਸਰਕਾਰੀ ਮੁਲਾਜ਼ਮਾਂ ਅਤੇ ਸਕੂਲੀ ਬਚਿਆਂ ਦੇ ਨਾਂ ਵਜੋਂ ਹੀ ਮੁਜਾਹਰੇ ਹੋਏ ਹਨ ਪਾਕਿਸਤਾਨ ਸਰਕਾਰ ਦੇ ਹਕ ਵਿਚ। ਅੰਦਰੂਨੀ ਹਾਲਾਤ ਦੇਸ਼ ਦੀ ਤਰਸਯੋਗ ਵੀ ਹੈ ਅਤੇ ਨਿੰਦਣੋਯਗ ਵੀ। ਆਪਣੇ ਪੰਜ ਸਾਲ ਦੇ ਰਾਜ ਵਿਚ ਤਾਲਬਾਨਾਂ ਅਲਾਦੇ ਪਿਆਰਿਆਂ ਨੇ ਜੰਤਾਂ ਨੂੰ ਦਿਤੀ ਦੁਖਾਂ ਦੀ ਪਟਾਰੀ, ਭੁਖ ਨੰਗ, ਤਬਾਹੀ, ਗਰੀਬੀ, ਬੀਮਾਰੀਆਂ, ਬੇਰੁਜ਼ਗਾਰੀ ਅਤੇ ਕਟੜ ਫਿਰਕਾਪ੍ਰਸਤੀ ਦੀ ਜ਼ਹਿਰ। ਇਸਤਰੀਆਂ ਦੀ ਦੁਰਦਸ਼ਾਕੀਤੀ ਕਟੜਕਾਨੂੰਨਾਂ ਨੇ। ਬੁਰਕੇ ਲਾਜ਼ਮੀ। ਔਰਤਾਂ ਦਾਘਰਾਂ ਵਿਚ ਰਹਿਣਾਲਾਜ਼ਮੀ, ਸਕੂਲ ਜਾਣਾਬੰਦ, ਕੰਮਕਾਰ ਅਤੇ ਨੌਕਰੀਆਂ ਔਰਤਾਂ ਕਰ ਨਹੀਂ ਸਕਦੀਆਂ ਮੌਲਾਣਿਆਂ ਦੇ ਰਾਜ ਵਿਚ ਇਥੋਂ ਤਕ ਕਿ ਮਰਦ ਡਾਕਟਰ ਔਰਤ ਦਾਇਲਾਜ ਨਹੀਂ ਕਰ ਸਕਦਾਅਤੇ ਔਰਤਾਂ ਨੂੰ ਨੌਕਰੀ ਕਰਨ ਤੋਂ ਮਨਾਹੀ ਕਰਕੇ ਲੇਡੀ ਡਾਕਟਰ ਇਲਾਜ ਨਹੀਂ ਕਰ ਸਕਦੀ, ਕਿੰਨੀ ਤਰਾਸਦੀ ਵਾਲੀ ਹਾਲਤ ਹੈ। ਤਾਲਬਾਨਾਂ ਦੀ ਕਰੋਧੀ ਅਤੇ ਕੁਦਰਤ ਕਰੋਧੀ ਨੇ ਅਫਗਾਨਸਤਾਨ ਦੀ ਆਰਥਕਤਾਤਬਾਹ ਕੀਤੀ ਹੋਈ ਹੈ। ਕਈ ਸਾਲ ਤੋਂ ਸੋਕਾਪਿਆਹੋਇਆਹੈ। 20 ਲਖ ਅਫਗਾਨੀ ਪਹਿਲਾਂ ਹੀ ਪਾਕਿਸਤਾਨ ਵਿਚ ਰੀਫਿਊਜੀ ਬਣਕੇ ਯੂ.ਐਨ.ਓ. ਦੀ ਸਹਾਇਤਾਨਾਲ ਜੀਵਨ ਬਿਤਾਰਹੇ ਹਨ ਅਤੇ ਲਖਾਂ ਹੀ ਹੁਣ ਨਵੇਂ ਸੰਕਟ ਤੋਂ ਸਹਿਮੇ ਹੋਏ ਸਰਹਦਾਂ ਪਾਰ ਕਰ ਰਹੇ ਹਨ ਪਾਕਿਸਤਾਨ ਦੀਆਂ। ਤਾਲਬਾਨ ਹਨ ਕਿ ਦਸਗਜੇ ਮਾਰੀ ਜਾਂਦੇ ਹਨ ਨਾਉਨਾਂ ਨੂੰ ਵਿਸ਼ਵ ਦੀ ਰਾਏ-ਆਮਾਦੀ ਪਰਵਾਹ ਹੈ ਅਤੇ ਨਾਹੀ ਅਫਗਾਨਸਤਾਨ ਦੇ ਜਨ ਸਧਾਰਨ ਦੀ। ਸਭ ਤੋਂ ਗਰੀਬ ਦੇਸ਼ ਬਣਾਦਿਤਾਗਿਆਹੈ। ਜੇ ਇੰਝ ਕਹੀਏ ਕਿ ਜੇ ਨਰਕ ਹੈ ਸੰਸਾਰ ਉਤੇ ਤਾਂ ਇਸੇ ਸਮੇਂ ਅਫਗਾਨਸਤਾਨ ਦੀ ਧਰਤੀ ਹੀ ਹੈ। ਜਿਥੇ ਦੇ ਲੋਕਾਂ ਨੂੰ ਬਹਿਸ਼ਤ ਦਾਲਾਰਾਦੇਕੇ ਨਰਕ ਦਾਜੀਵਨ ਬਤੀਤ ਕਰਨ ਲਈ ਮਜਬੂਰ ਕਰ ਰਹੀ ਹੈ ਇਹ ਸਰਕਾਰ ਤਾਲਬਾਨ ਦੀ। ਸਾਰੇ ਸਕੂਲੀ ਵਿਦਿਆਰਥੀਆਂ ਨੂੰ ਹਥਿਆਰ ਫੜਾਦਿਤੇ ਹਨ ਅਮਰੀਕਨ ਹਮਲੇ ਦਾਟਾਕਰਾਕਰਨ ਲਈ। ਜਾਂ ਨਾਰਦਰਨ ਅਲਾਇੰਸਾਂ ਦੀਆਂ ਵਧ ਰਹੀਆਂ ਫੌਜਾਂ ਦਾਟਾਕਰਾਕਰਨ ਲਈ। ਲੋਕ ਸ਼ਹਿਰ ਛਡ ਪਿੰਡਾਂ ਵਲ ਚਲੇ ਗਏ ਜਾਂ ਪਾਕਿਸਤਾਨ ਸਰਹਦ ਪਾਰ ਕਰਨ ਲਈ। ਕਾਬਲ ਵਰਗੇ ਸ਼ਹਿਰ ਖਾਲੀ ਹੋ ਗਏ ਡਰਦੇ ਅਮਰੀਕੀ ਬੰਬਾਰਾਂ ਤੋਂ।

ਇਹ ਤਾਂ ਅਮਰੀਕਨ ਮਨੁਖੀ ਹਮਦਰਦੀ ਹੀ ਹੈ ਕਿ ਜਿਸ ਨਾਲ ਸਾਰਾਸੰਸਾਰ ਖਲੋਤਾਹੋਵੇ। ਜਿਨਾਂ ਵਿਚ ਅਮਰੀਕਾਦੇ ਵਿਰੋਧੀ ਚੀਨ ਅਤੇ ਰੂਸ ਵੀ ਹੋਣ ਅਤੇ ਫੇਰ ਵੀ ਅਮਰੀਕਨ ਨੇਤਾਤਹੱਮਲ ਅਤੇ ਸਬਰ, ਸਮਝ ਤੋਂ ਕੰਮ ਲੈ ਉਹ ਭਾਣਾਨਹੀਂ ਵਰਤਾਰਹੇ ਜਿਸਦੀ ਲੋਕਾਂ ਨੂੰ ਪਹਿਲੇ ਦਿਨੋਂ ਹੀ ਆਸ ਸੀ। ਉਨਾਂ ਦੀ ਦਾਨਸ਼ਮੰਦੀ ਦੀ ਦਾਦ ਦੇਣੀ ਬਣਦੀ ਹੈ ਅਤੇ ਸ਼ਲਾਘਾਵੀ। ਨਹੀਂ ਤਾਂ ਅਜ ਦੀ ਤਰੀਕ ਵਿਚ ਅਫਗਾਨਸਤਾਨ ਅਮਰੀਕੀ ਬੰਬਾਂ ਨਾਲ ਖੰਡਰਾਤ ਬਣ ਜਾਣਾਸੀ। ਖਤਰਾਟਲਿਆਨਹੀਂ ਅਜੇ ਵੀ ਲਟਕਿਆਹੈ, ਤਲਵਾਰ ਵਾਂਗ ਤਾਲਾਬਾਨੀ ਸਰਕਾਰ ਉਤੇ। ਕਾਰਨ ਉਸਦਾਹੈ ਅਮਰੀਕਾਸਰਕਾਰ ਦੀ ਪਾਕਿਸਤਾਨ ਵਲ ਨੀਤੀ। ਪਾਕਿਸਤਾਨ ਦੀ ਸਰਕਾਰ ਤਾਂ ਮਜ਼ਬੂਰੀ ਬਸ ਅਮਰੀਕਾਦੇ ਹਰ ਹੁਕਮ ਦੀ ਪਾਲਣਾਦਾਐਲਾਨ ਕਰਦੀ ਹੈ ਅਤੇ ਪਾਕਿਸਤਾਨ ਜੰਤਾਅਮਰੀਕਾਵਿਰੁਧ ਜਹਾਦ ਦਾਨਾਹਰਾਲਾਕੇ ਪ੍ਰਧਾਨ ਬੁਸ਼ ਦੇ ਪੁਤਲੇ ਸਾੜ ਰਹੇ ਹਨ। ਇਹ ਸਾਰਾਕਸੂਰ ਪਾਕਿਸਤਾਨ ਦੇ ਸ਼ਾਸ਼ਕਾਂ ਦਾਹੀ ਹੈ ਜਿੰਨਾਂ ਨੇ ਜੰਤਾਨੂੰ ਤੋਰਿਆਹੀ ਇਸੇ ਰਾਹ ਹੈ। ਆਪਣੀ ਗਦੀ ਕਾਇਮ ਰਖਣ ਲਈ ਸਿਰੇ ਦਾਕਟੜਪੰਥੀ ਪਤਾਖੇਡਿਆਹੈ ਹਰ ਹਾਕਮ ਨੇ ਪਾਕਿਸਤਾਨ ਵਿਚ। ਇਹ ਕਟੜਪੰਥੀ ਇਸਲਾਮਿਕ ਨੀਤੀ ਨੇ ਕਸ਼ਮੀਰ ਸਮੱਸਿਆਬਣਾਈ ਹੈ। ਵਿਦਿਆਰਥੀਆਂ (ਤਲਬਾਨਾਂ) ਨੂੰ ਮਦਰੱਸਿਆਵਿਚ ਟ੍ਰੇਨਿੰਗ ਦੇਕੇ ਇਸਲਾਮ ਦਾਝੰਡਾ, ਅਤੇ ਹਥਿਆਰ ਫੜਾਦਿਤੇ ਅਤੇ ਤੋਰ ਦਿਤੇ ਅਫਗਾਨਸਤਾਨ ਤੇ ਕਸ਼ਮੀਰ ਵਿਚ ਏਥੇ ਹੀ ਬਸ ਨਹੀਂ ਉਸਾਮਾਬਿਨਲਾਦੇਨ ਨੂੰ ਖੁਲੀ ਛੁਟੀ ਦਿਤੀ ਕਿ ਹੋਰਨਾਦੇਸ਼ਾਂ ਤੋਂ ਮੁਜਾਹਦੀਨ ਲਿਆਕੇ ਏਥੇ ਟ੍ਰੇਨਿੰਗ ਦੇਵੇ। ਇਸਤਰ੍ਹਾਂ ਪਾਕਿਸਤਾਨ ਨੇ ਨਾਕੇਵਲ ਅਫਗਾਨਸਤਾਨ ਦੀ ਤਬਾਹੀ ਦਾਰਾਹ ਇਖਤਿਆਰ ਕੀਤਾਸਗੋਂ ਇਹੀ ਖਤਰਾਆਪ ਵੀ ਸਹੇੜ ਲਿਆ। ਮਤਭੇਦ ਅਮਰੀਕਾਨਾਲ ਵੀ ਏਸੇ ਇਸ਼ੂ ਉਤੇ ਉਭਰੇ ਕਿ ਪਾਕਿਸਤਾਨ ਨਹੀਂ ਚਾਹੁੰਦਾਕਿ ਤਾਲਬਾਨ ਸਰਕਾਰ ਹਟਾਕੇ ਉਥੇ ਕੋਈ ਸਰਬ ਸਾਂਝੀ ਸਾਰੇ ਫਿਰਕਿਆਂ ਇਲਾਕਿਆਂ ਦੀ ਸਾਂਝੀ ਸਰਕਾਰ ਕਾਇਮ ਕੀਤੀ ਜਾਏ ਕੌਮਾਂਤਰੀ ਭਾਈਚਾਰੇ ਦੀ ਸਹਾਇਤਾਨਾਲ, ਕਿਉਂਕਿ ਤਾਲਬਾਨ ਸਰਕਾਰ ਸੀ.ਆਈ.ਏ. (ਅਮਰੀਕੀ ਖੁਫੀਆਏਜੰਸੀ) ਅਤੇ ਪਾਕਿਸਤਾਨ ਦੀ ਹੀ ਪੈਦਾਵਾਰ ਹੈ। ਕੋਈ ਵੀ ਮਾਂ ਆਪਣੇ ਪੁਤਰ ਨੂੰ ਮਰਦਾਨਹੀਂ ਦੇਖ ਸਕਦੀ। ਤਾਲਬਾਨ ਦੀ ਮਾਂ ਹੈ ਉਪਰੋਕਤ ਜੁੰਡਲੀ, ਜੇ ਤਾਲਬਾਨ ਸਰਕਾਰ ਗਈ ਤਾਂ ਰਾਜਸੀ ਹਲਕੇ ਸਮਝਦੇ ਹਨ ਕਿ ਦੇਰ-ਸਵੇਰ ਮੁਸ਼ਰਫ ਸਰਕਾਰ ਵੀ ਜਾਏਗੀ। ਉਂਝ ਅਮਰੀਕਾਨੇ ਫੌਜੀ ਤੌਰ ਉਤੇ ਵੀ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਖਾੜੀ ਅਤੇ ਅਰਬ ਸਾਗਰ ਵਿਚ 14 ਸਮੁੰਦਰੀ ਵਡੇ ਜਹਾਜ ਜਿਨਾਉਤੇ ਸੈਂਕੜੇ ਬੰਬਾਰ ਉਡਾਣ ਭਰਨ ਦੇ ਆਰਡਰ ਉਡੀਕ ਰਹੇ ਹਨ। ਦੂਜੇ ਪਾਸੇ ਤਾਜਕਸਤਾਨ ਅਤੇ ਉਜਬੇਕਸਤਾਨ ਦੇ ਦੌਜੀ ਅਡਿਆਂ ਉਤੇ ਵੀ ਅਮਰੀਕਨ ਫੌਜਾਉਤਾਰ ਦਿਤੀਆਂ ਗਈਆਂ ਹਨ। ਰੂਸ ਅਤੇ ਉਸਦੇ ਸਹਿਯੋਗੀ ਉਜ਼ਬੇਕਾਂ ਨੇ ਨਾਰਦਰਨ ਅਲਾਇੰਸ ਦੀ ਡਟਕੇ ਮਦਦ ਕਰਨੀ ਸ਼ੁਰੂ ਕਰ ਦਿਤੀ ਹੈ। ਇਸਦੇ ਪੇਸ਼ ਨਜ਼ਰ ਤਾਲਬਾਨ ਵਿਰੋਧੀ ਫੌਜਾਂ ਦੇ ਹੌਂਸਲੇ ਵਧ ਗਏ ਹਨ ਅਤੇ ਉਹ ਦਿਨ ਰਾਤ ਦੀ ਲੜਾਈ ਵਿਚ ਭਾਰੀ ਜਿਤਾਂ ਪ੍ਰਾਪਤ ਕਰ ਰਹੇ ਹਨ।

ਇਸਤਰ੍ਹਾਂ ਅਮਰੀਕਾਦੀ ਦੂਰ ਅੰਦੇਸ਼ ਨੀਤੀ ਨਾਲ ਭਾਵ ਲਾਦੇਨ ਨੂੰ ਫੜਨ ਅਤੇ ਉਸਦੇ ਅਲ ਕਾਇਦਾਦੇ ਹੋਰ ਅਤਵਾਦੀਆਂ ਨੂੰਫੜਨ ਵਿਚ ਦੇਰ ਤਾਂ ਹੋ ਜਾਵੇਗੀ ਪਰ ਅੰਦੇਰੇ ਦੀ ਗੁੰਜਾਇਸ਼ ਨਹੀਂ ਹੋ ਸਕਦਾਹੈ ਕਿ ਤਾਲਬਾਨ ਵੀ ਦੋ ਧੜਿਆਂ ਵਿਚ ਵੰਡੇ ਜਾਣ। ਆਪਣੀ ਸਰਕਾਰ ਜਾਂਦੀ ਦੇਖਕੇ ਉਸਾਮਾਬਿਨਲਾਦੇਨ ਨੂੰ ਪਾਕਿਸਤਾਨ ਦੇ ਹਵਾਲੇ ਕਰ ਦੇਣ। ਹੁਣੇ ਜਿਹੇ ਹੀ ਪਾਕਿਸਤਾਨ ਨੇ ਉਲੇਮਾਦਾਇਕ ਵਫਦ ਤਾਲਬਾਨ ਸਰਕਾਰ ਨਾਲ ਗਲਬਾਤ ਕਰਨ ਲਈ ਭੇਜਿਆਸੀ ਜਿਸ ਵਿਚ 10 ਉਲੇਮਾਸਨ ਅਤੇ 6 ਸਰਕਾਰੀ ਅਧਿਕਾਰੀ ਜਿਨਾਂ ਵਿਚ ਪਾਕਿਸਤਾਨੀ ਅਤੇ ਅਮਰੀਕੀ ਖੁਫੀਆਏਜੰਸੀਆਂ ਦੇ ਬੰਦੇ ਵੀ ਦਸੇ ਜਾਂਦੇ ਹਨ ਕਿਹਾਜਾਂਦਾਹੈ ਕਿ ਇਹ ਉਲੇਮਾਤਾਲਬਾਨ ਆਗੂਆਂ ਦੇ ਉਸਤਾਦ ਰਹੇ ਹਨ ਅਤੇ ਇਨਾਂ ਦਾਤਾਲਬਾਨ ਸਹਿਰਦ ਬਹੁਤ ਸਤਿਕਾਰ ਕਰਦੇ ਹਨ। ਇਨਾਂ ਦੀ ਗਲ ਮੰਨ ਲੈਣਗੇ ਅਤੇ ਆਪਣੀ ਸਰਕਾਰ ਵੀ ਬਚਾਲੈਣਗੇ ਅਤੇ ਅਮਰੀਕਨ ਬੰਬਾਰੀ ਦੀ ਤਬਾਹੀ ਤੋਂ ਵੀ ਅਫਗਾਨਸਤਾਨ ਦੀ ਧਰਤੀ ਨੂੰ ਬਚਾਲੈਣਗੇ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਨੇ ਇਕ ਸਰਕਾਰ ਵਫਦ ਭੇਜਿਆਸੀ ਤਾਲਬਾਨਾਂ ਨੂੰ ਸਮਝਾਉਣ, ਮੰਨਾਉਣ ਲਈ ਜੋ ਖਾਲੀ ਹੱਥੀਂ ਵਾਪਸ ਆਗਿਆਸੀ। ਸਗੋਂ ਉਸ ਪਿਛੋਂ ਤਾਲਬਾਨ ਅਸਿਧ ਤੌਰ ਉਤੇ ਪਾਕਿਸਤਾਨ ਸਰਕਾਰ ਨੂੰ ਵੀ ਧਮਕੀਆਂ ਦੇ ਰਹੇ ਸਨ ਕਿ ਜੋ ਦੇਸ਼ ਵੀ ਅਮਰੀਕਾਦੀ ਸਹਾਇਤਾਕਰੇਗਾ, ਤਾਲਬਾਨ ਦੇ ਜਾਂਬਜ਼ ਫੌਜੀ ਉਸ ਉਤੇ ਵੀ ਹਮਲਾਕਰਨਗੇ। ਪਾਕਿਸਤਾਨ ਦੁਬਿਧਾਅਤੇ ਕੜੱਕੀ ਵਿਚ ਆਇਆਹੋਇਆਹੈ। ਇਹ ਉਸਦੀ ਇਕ ਹੋਰ ਕੋਸ਼ਿਸ਼ ਸੀ ਪਰ ਇਹ ਵੀ ਅਸਫਲ ਹੋ ਗਈ ਦਸੀ ਜਾਂਦੀ ਹੈ। ਇਸਲਾਮ ਦੇ ਜਨੂੰਨ ਅਤੇ ਜਹਾਦ ਦੇ ਜੋਸ਼ ਨਾਲ ਅੰਧੇ ਹੋਏ ਤਾਲਬਾਨ ਆਗੂ ਹੋਸ਼ ਹਵਾਸ਼ ਗੁਆਬੈਠੇ ਲਗਦੇ ਹਨ। ਜਦੋਂ ਉਹ ਵਿਰੋਧੀ ਫੌਜਾਂ ਦੀ ਚੜ੍ਹਤ ਤੋਂ ਘਬਰਾਕੇ ਇਹ ਬਿਆਨ ਦੇਣ ਲਗ ਪਏ ਕਿ ਜੇ ਕਿਸੇ ਨੇ ਅਮਰੀਕਾਦੀ ਸਹਾਇਤਾਨਾਲ ਅਫਗਾਨਸਤਾਨ ਵਿਚ ਤਾਲਬਾਨ ਸਰਕਾਰ ਦੀ ਥਾਂ ਗਈ ਸੰਭਾਲੀ ਤਾਂ ਉਸਦਾਹਸ਼ਰ ਵੀ ਮਜੀਬ ਉਲਾਵਰਗਾਹੀ ਕਰਾਂਗੇ। ਯਾਦ ਰਹੇ ਕਿ ਮਜ਼ੀਬ ਉਲਾਨੂੰ ਤਾਲਬਾਨ ਸਰਕਾਰ ਨੇ ਸ਼ਰੇਆਮ ਕਾਬਲ ਦੇ ਚੌਂਕ ਵਿਚ ਫਾਂਸੀ ਚੜ੍ਹਾਦਿਤਾਸੀ ਅਤੇ ਕਈ ਦਿਨ ਉਸਦੀ ਲਾਸ਼ ਟੰਗੀ ਰਖੀ ਸੀ ਕਿਉਂਕਿ ਉਹ ਰੂਸ ਪਖੀ ਸੀ ਅਤੇ ਪਾਕਿਸਤਾਨ ਤੇ ਸੀ.ਆਈ.ਏ. ਨੂੰ ਰੜਕਦਾਸੀ। ਇਸੇਲਈ ਉਸ ਵਿਰੁਧ ਤਾਲਬਾਨ ਦੀ ਛਤਰੀ ਹੇਠ ਪਾਕਿਸਤਾਨੀ ਫੌਜ ਉਥੇ ਲੜੀ ਅਤੇ ਤਾਲਬਾਨ ਦੀ ਸਰਕਾਰ ਹੋਂਦ ਵਿਚ ਲਿਆਂਦੀ। ਪਾਕਿਸਤਾਨ ਤਾਲਬਾਨ ਦੀ ਹਮਦਰਦੀ ਇਸਲਈ ਵੀ ਕਰਦਾਹੈ ਕਿ ਅਜੇ ਵੀ ਪਾਕਿਸਤਾਨੀ ਫੌਜੀ ਤਾਲਬਾਨ ਦੀ ਫੌਜ ਵਿਚ ਦਸੇ ਜਾਂਦੇ ਹਨ ਅਤੇ ਤਾਲਬਾਨ ਪਠਾਨ ਹਨ। ਪਾਕਿਸਤਾਨ ਦੇ ਦੋ ਸੂਇਆਂ ਬਲਚੋਸਤਾਨ ਅਤੇ ਉਤਰੀ ਪਛਮੀ ਸੂਬੇ ਵਿਚ ਵੀ ਪਠਾਨ ਵਸੋਂ ਹੈ। ਵਸੋਂ ਦੀ ਸਾਂਝ ਕਰਕੇ ਵੀ ਪਾਕਿਸਤਾਨ ਨੂੰ ਦੋਵਾਂ ਪ੍ਰਾਂਤਾਂ ਦੇ ਪਠਾਣਾਂ ਦੀ ਬਗਾਵਤ ਡੂਰੋਂ ਅਫਗਾਨੀ ਪਠਾਣਾਂ ਦੀ ਮਦਦ ਲਈ ਮਜ਼ਬੂਰ ਹੋਣਾਪੈ ਗਿਆ। ਪਰ ਪੰਜਾਬੀ ਦੀ ਕਹਾਵਤ ਅਨੁਸਾਰ 'ਜਾਂ ਟਾਂਡਿਆਂ ਵਾਲੀ ਰਹੁ ਜਾਂ ਭਾਂਡਿਆਂ ਵਾਲੀ' ਪਾਕਿਸਤਾਨ ਨੂੰ ਇਕ ਪਾਸੇ ਹੀ ਹੋਣਾਪੈਣਾਹੈ ਜਾਂ ਤਾਲਬਾਨ ਨਾਲ ਜਾਂ ਅਮਰੀਕਾਨਾਲ।

ਦੋਵਾਂ ਨੇ ਹੀ ਗਲ ਸਾਫ ਸਾਫ ਕਹਿ ਦਿਤੀ ਹੈ। ਜਿਵੇਂ ਪ੍ਰਧਾਨ ਬੁਸ਼ ਨੇ ਕਿਹਾਸੀ ਕਿ ਜੋ ਸਾਡੇ ਨਾਲ ਨਹੀਂ ਉਹ ਸਾਡੇ ਵਿਰੋਧੀ ਨਾਲ ਹੈ ਵਿਚ ਵਿਚਾਲੇ ਦੀ ਕੋਈ ਗੁੰਜਾਇਸ਼ ਨਹੀਂ। ਜਿਸ ਕਿਸੇ ਨੇ ਵੀ ਉਨਾਂ ਦਾਸਾਥ ਦਿਤਾਉਹ ਸਾਡੇ ਦੁਸ਼ਮਣ ਹਨ ਮਿਤਰ ਨਹੀਂ। ਅਤੇ ਤਾਲਬਾਨਾਂ ਨੇ ਵੀ ਸਪਸ਼ਟ ਕਿਹਾਹੈ ਕਿ ਜੋ ਅਮਰੀਕਾਦੀ ਮਦਦ ਕਰੇਗਾਉਸ ਉਤੇ ਉਹ ਹਮਲਾਕਰਨਗੇ।

ਭਾਂਵੇਂ ਪਾਕਿਸਤਾਨ ਦਾਪ੍ਰਧਾਨ ਮੁਸ਼ਰਫ ਹੁਣ ਤਕ ਤਾਂ ਡਿਪਲੋਮੇਟਿਕ ਤੌਰ ਉਤੇ ਪਾਕਿਸਤਾਨ ਦੇ ਹਿਤ ਵਿਚ ਠੀਕ ਦਿਸ਼ਾਵਿਚ ਠੀਕ ਫੈਸਲਾਲੈ ਗਿਆਸੀ ਪਰ ਹੁਣ ਉਸ ਉਤੇ ਕਟੜਪੰਥੀਆਂ ਦਾਵਧ ਰਿਹਾਦਬਾਅ ਉਸਨੂੰ ਪੈਂਤੜੇ ਬਦਲਣ ਜਾਂ ਕੇਵਲ ਬਿਆਨ ਬਦਲਣ ਲਈ ਮਜ਼ਬੂਰ ਕਰੀ ਜਾਰਿਹਾਹੈ।

ਉਸਨੇ ਅਮਰੀਕਾਨੂੰ ਸਾਫ ਸਾਫ ਹੀ ਆਖ ਦਿਤਾਹੈ ਕਿ ਹੁਣ ਉਹ ਅਫਗਾਨਿਸਤਾਨ ਉਤੇ ਹਮਲੇ ਵਿਚ ਅਮਰੀਕਨਾਂ ਦਾਸਾਥ ਨਹੀਂ ਦੇਵੇਗਾ। ਲਗਦਾਹੈ ਕਿ ਉਸਨੂੰ ਤਾਲਬਾਨਾਂ ਦੇ ਨਾਲ ਨਾਲ ਆਪਣੀ ਸਰਕਾਰ ਵੀ ਬਚਦੀ ਨਜ਼ਰ ਨਹੀਂ ਆਉਂਦੀ, ਏਸੇ ਲਈ ਉਹ ਤਾਲਬਾਨਾਂ ਨੂੰ ਸਮਝਾਰਿਹਾਹੈ ਅਤੇ ਡੈਲੀਗੇਸ਼ਨ ਭੇਜ ਰਿਹਾਹੈ ਕਿ ਉਸਾਮਾਬਿਨਲਾਦੇਨ ਨੂੰ ਅਮਰੀਕਾਹਵਾਲੇ ਕਰਕੇ ਆਪਣੀ ਵੀ ਜਾਣ ਛੁਡਾਉ ਅਤੇ ਮੇਰੀ ਵੀ। ਪਰ ਮੁਸ਼ਰਫ ਸਾਹਿਬ ਹੁਣ ਇਸਤਰ੍ਹਾਂ ਨਹੀਂ ਸਰਨਾਕਿ ਧੀ ਤੇਰੀਆਂ ਮੁਲਾਹਜ਼ੇਦਾਰਾ(ਤਾਲਬਾਨ ਸਰਕਾਰ) ਤੇ ਅਧੀ ਆਂ ਮੈਂ ਹੌਲਦਾਰਦੀ (ਅਮਰੀਕਾ)' ਠੀਕ ਹੈ ਤੁਸੀਂ ਕਦੇ ਕਦੇ ਜਹਾਦੀਆਂ ਨੂੰ ਤਾੜਦੇ ਵੀ ਹੋ ਬਿਆਨ ਵੀ ਦਾਗ ਦਿੰਦੇ ਹੋ ਅਮਰੀਕਾਨੂੰ ਖੁਸ਼ ਕਰਨ ਲਈ ਪਰ ਅਮਲੀ ਤੌਰ ਉਤੇ ਤੁਹਾਨੂੰ ਡਟਕੇ ਜਹਾਦੀਆਂ ਅਤੇ ਕਟੜਪੰਥੀਆਂ ਦਾਵਿਰੋਧ ਕਰਨਾਪਏਗਾ। ਤਾਂ ਹੀ ਤੁਹਾਡੀ ਗਦੀ ਪਕੀ ਹੋਏਗੀ ਅਤੇ ਪਾਕਿਸਤਾਨ ਦਾਭਲਾਵੀ। ਨਹੀਂ ਤਾਂ ਕਿਸੇ ਦਿਨ ਪਾਕਿਸਤਾਨ ਨੂੰ ਵੀ ਇਹ ਦਿਨ ਦੇਖਣੇ ਪੈਣਗੇ ਜੋ ਅਫਗਾਨਸਤਾਨ ਦੇਖ ਰਿਹਾਹੈ।

ਛਪਦੇ ਛਪਦੇ

ਮਿਸ਼ਨ ਏਥੇ ਮੇਅਰ ਦੀ ਚੋਣ ਵਿਚ ਐਬਨਿਊਫੇਲਡ ਮੇਅਰ ਚੁਣੇ ਗਏ ਹਨ ਅਤੇ ਈਆਨ ਵਾਟਰਸ ਕੌਂਸਲਰ ਚੁਣੇ ਗਏ ਹਨ।

LETTERS TO THE EDITOR

Tragic Treason in World Trade Towers

The Canadian and American people are being asked to suspend reason and common sense. We are being asked to commit military assets to respond with hatred, hyperbole, deception and delusional thinking against any profiled Arab. I question the mad pursuit by the US Media to assassinate the character of Bin Laden, Islam, Muslims, the Taliban and Afghanistan in blind rage for revenge.

Most conscious Canadians know US State department and military intelligence (CIA. FBI, NSA) are the greatest threat to national security, because of their training, funding and direction of both foreign and domestic terrorists and mercenaries at base-camps in USA and abroad for black 0 5 in other countries.

I suggest that the CIA routinely infiltrates Terrorist cells and funds provocative acts to increase military funding in third world countries This dark black operation in USA was designed to release more funding r domestic militaı) defense contractor spending, out of the so-called Social Security Surplus. Empty one side of Pentagon, then ram a plane into it, I suspect the owner. Who holds balance of the World Trade Center Towers (re) insurance? Europe?

An unfair economic sanction against the BC Lumber Industry. with unilateral punitive sanctions sabotaging our economy, is just one example of how the USA treats its closest friends. We know they do much worse to their enemies. Remember how Kissinger and Nixon treated the democratically elected popular government of Salvador Allende in Chile. They authorized e assassination of an Army General and imposed the Fascist Dictator Pinochet, who carried on 20 years of brutal rule, assassinating thousands each year. Amnesty and the people of Columbia tell me the US Plan Columbia is in fact a cover for weekly mass murders to purge elected union officials, socialist politicians and first nations aboriginal Colombian nationals to gain free access to their resources.

I remind President Bush the CIA promised to make newly elected JF Kennedy look good with a sure thing: Sponsoring the invasion of Cuba at the Bay of Pigs. After intelligence agencies blamed Kennedy for their failures, he was assassinated, before he could replace their corrupt leadership. Stalin would do more than just arrest and interrogate senior military staff at the Pentagon (Army, Navy, Air, Marine, NSA, FBI, CIA, State) to determine their role in this Department of Defense coup. Sept.11 is treasonous coup against democracy. Yours truly, Paul Latham. when targeting terrorism: look in the mirror.

ਸਾਰੀ ਜੂਨੀਆਂ ਦਾ ਸਰਦਾਰ ਬੰਦਾ

ਸੋਹਨ ਸਿੰਘ 'ਢਟ'

ਕਰੇ ਕੰਮ ਕਿਹੜੇ ਬਣਿਆਂ ਕੀ ਫਿਰਦਾ
ਸਾਰੀਆਂ ਜੂਨੀਆਂ ਦਾ ਸਰਦਾਰ ਬੰਦਾ।
ਕਰੇ ਸੋਨਾ ਕੱਠਾ ਸਦਾ ਰਹੇ ਨੱਠਾ
ਜੁੜਿਆ ਕਦੇ ਨਾ ਨਾਲ ਨਿਰੰਕਾਰ ਬੰਦਾ।
ਪਿਤਾ ਪੁਤ ਤੇ ਕਦੀ ਹੈ ਪਤੀ ਬਣਦਾ
ਰਹਿੰਦਾ ਰੁਝਿਆ ਵਿਚ ਪ੍ਰਵਾਰ ਬੰਦਾ।
ਕਰੇ ਮੋਹ ਮਾਇਆ ਇਹ ਹੈ ਬਿਰਖ ਛਾਇਆ
ਜਾਣ ਬੁਝ ਕੇ ਫਸਿਆ ਪਿਆਰ ਬੰਦਾ।
ਜਿਹੜਾ ਜਾਨ ਦੇਵੇ ਜਿਹੜਾ ਮਾਨ ਦੇਵੇ
ਬਣੇ ਉਸ ਦਾ ਕਿਉਂ ਨਾ ਯਾਰ ਬੰਦਾ।
ਮੈਂ ਹਾਂ ਸਾਸ ਤੇਰਾ ਤੂੰ ਹੈ ਖਾਸ ਮੇਰਾ
ਐਸਾ ਚਿਤ 'ਚ ਕਰੇ ਪਿਆਰ ਬੰਦਾ।
ਤੂੰ ਜੋ ਹੋਏਂ ਮੇਰਾ ਮੈਂ ਹਾਂ ਸਦਾ ਤੇਰਾ
ਕਰੇਂ ਯਾਦ ਤਾਂ ਦੇਵਾਂ ਮੈਂ ਤਾਰ ਬੰਦਾ।
ਹੋਵੇ ਗਰਭ ਅੰਦਰ ਮਾਤਾ ਗ੍ਰਹਿ ਮੰਦਰ
ਪੁਠਾ ਲਟਕਿਆ ਕਰੇ ਪੁਕਾਰ ਬੰਦਾ।
ਕਰਾਂ ਯਾਦ ਤੈਨੂੰ ਹੁਣ ਤੂੰ ਬਖਸ਼ ਮੈਨੂੰ
ਮੈਂ ਹਾਂ ਭੁਲਿਆ ਭੁਲਣ ਹਾਰ ਬੰਦਾ।
ਆਇਆ ਮਾਂ ਗੋਦੀ ਲਿਵ ਟੁਟ ਗਈ
ਮੋਹ ਪੈ ਗਿਆ ਵਿਚ ਸੰਸਾਰ ਬੰਦਾ।
ਕੀਤੇ ਜੋ ਵਾਇਦੇ ਸਾਰੇ ਭੁਲ ਗਿਆ
ਪਛੋਤਾਵੇਂਗਾ ਅੰਤ ਵਿਸਾਰ ਬੰਦਾ।
ਸਭਨਾਂ ਜੀਆਂ ਦਾ ਹੈ ਇਕ ਦਾਤਾ
ਸਮਝੇ ਉਸਨੂੰ ਸਦਾ ਦਾਤਾਰ ਬੰਦਾ।
ਬੰਦਾ ਸੋਈ ਹੈ ਕਰੇ ਬੰਦਗੀ ਜੋ
ਨਹੀਂ ਤਾਂ ਧਰਤੀ ਤੇ ਐਂਵੇਂ ਹੈ ਭਾਰ ਬੰਦਾ।
ਪੰਜਾਂ ਤੱਤਾਂ ਦਾ ਮਿਲਕੇ ਇਹ ਬਣਿਆਂ
ਐਵੇਂ ਮਾਟੀ ਦਾ ਕਰੇ ਹੰਕਾਰ ਬੰਦਾ।
ਹੁੰਦਾ ਖੁਸ਼ ਬਹੁਤਾ ਸਿਰਜਨਾ ਹਾਰ ਤੇਰਾ
ਕਰੇ ਬੰਦੇ ਦਾ ਜੇ ਸਤਿਕਾਰ ਬੰਦਾ।
ਧਰਤੀ ਤੇਰੇ ਲਈ ਧਰਮ ਕਮਾਉਣ ਦੀ ਥਾਂ
ਕਰ ਉਪਕਾਰ ਏਥੋਂ ਹੋਵੇ ਪਾਰ ਬੰਦਾ।
'ਢੱਟ' ਐਵੇਂ ਨਾ ਬਹੁਤੇ ਉਪਦੇਸ਼ ਕਰ ਤੂੰ
ਤੇਰੇ ਨਾਲੋਂ ਤਾਂ ਕਿਤੇ ਹੁਸ਼ਿਆਰ ਬੰਦਾ।

Real Attack Against Terrorism

(By SS Baria)

The terrorist attacks against The World Trade Center and other places in America has not only shaken the Americans alone, but the world as a whole. Shock waves are being felt in almost every part of the world and humanity seems to be in mourning over the death of these innocent victims.

